ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-23 ਨੰਬਰ-31

20 ਤੋਂ 26 ਕੱਤਕ 2072 - 5 to 11 November 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200


## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਿੱਖ ਕਿਸੇ ਦਾ ਬੁਰਾ ਨਹੀਂ ਮੰਗਦਾ



ਸਤਿਗੁਰੂ ਸਭ ਦੇ ਭਲੇ ਵਾਸਤੇ ਆਉਂਦਾ ਹੈ। ਸਿੱਖ ਦਾ ਵੀ ਇਹ ਕੰਮ ਹੈ, ਜੇ ਸਤਿਗੁਰੂ ਬਖ਼ਸ਼ਸ਼ ਕਰੇ, ਜੇ ਉਹ ਆਪਣੇ ਕੋਲੋਂ ਕਿਨਕਾ ਉਹਨੂੰ ਸਿੱਖੀ ਦਾ ਦੇਵੇ ਤਾਂ ਇਹ ਕਿਸੇ ਦਾ ਬੁਰਾ ਨਾ ਮੰਗੇ। ਅਗਰ ਇਹ ਬੁਰਾ ਮੰਗਦਾ ਹੈ ਤਾਂ ਇਹਦਾ ਆਪਣਾ ਨੁਕਸਾਨ ਹੈ।



ਸ੍ਰੀ ਸਤਿਗੁਰੂ ਜੀ ਦਿੱਲੀ ਵਿਖੇ ਆਪਣੇ ਆਸਣ ਤੇ ਸੁਸ਼ੋਭਿਤ, ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਨਾਲ ਹਨ ਸੇਵਕ ਅਤੇ ਪਤਵੰਤੇ ਸੱਜਣ



ਦਿੱਲੀ ਵਿਖੇ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਆਨੰਦ ਮਾਣਦੀ ਸਾਧ ਸੰਗਤ

## ਸਤਿਗੁਰੂ ਜੀ ਦਾ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਅਪਣਾਉਣ ਲਈ ਉਪਦੇਸ਼

ਦਿੱਲੀ: 1 ਨਵੰਬਰ 2015 ਅੱਜ ਇਥੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਅ੍ਰੰਮਿਤ ਵੇਲੇ ਆਸਾ ਦੀ ਵਾਰ ਦੇ ਵਾਰੇ ਦੇ ਰੂਪ ਵਿੱਚ ਹੋਏ ਕੀਰਤਨ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਕੀਰਤਨ ਕਰਨ ਵਾਲਿਆ ਵਿੱਚ ਬੱਚੇ ਅਤੇ ਨੌਜਵਾਨ ਜਥੇਦਾਰ ਨਿਸ਼ਾਨ ਸਿੰਘ ਸ਼ਾਮਿਲ ਸਨ। ਉਸ ਤੋਂ ਬਾਅਦ 4 ਅਨੰਦ ਕਾਰਜਾਂ ਪਿਛੋਂ 8 ਪਾਠਾਂ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਉਪਦੇਸ਼ ਦਿੰਦਿਆ ਫੁਰਮਾਇਆ ਕਿ ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆ ਬਖ਼ਸ਼ੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਅਤੇ ਮਰਿਯਾਦਾਵਾਂ ਨੂੰ ਅਪਣਾਉਣ ਵਿੱਚ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਆਪ ਜੀ ਨੇ ਬਚਨ ਕੀਤਾ ਕਿ ਸਾਦੇ ਗੁਰਮਤਿ ਅਨੰਦ ਕਾਰਜਾਂ ਦੀ ਮਰਿਯਾਦਾ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤੀ ਹੈ ਅਸੀਂ ਪਾਰਟੀਆਂ ਕਰਕੇ ਇਸ ਨੂੰ ਮੈਲਾ ਨਾ ਹੋਣ ਦੇਈਏ। ਆਪ ਨੇ ਅੰਮ੍ਰਿਤ ਵੇਲੇ ਉੱਠਣ ਦੀ ਵੀ ਪ੍ਰੇਰਣਾ ਦਿੱਤੀ ਤੇ ਕਿਹਾ ਅੱਜ ਜਦੋਂ ਮੈਂ ਪੰਜ ਕੁ ਵਜੇ ਵਾਰ ਦੇ ਕੀਰਤਨ ਵਿੱਚ ਪਹੁੰਚਿਆ ਉਦੋਂ ਵੀਹ-ਤੀਹ ਮਾਈ ਭਾਈ ਹੀ ਆਏ ਸਨ ਹੁਣ ਸੰਗਤ ਦਾ ਦੂਰ ਤੱਕ ਨਜ਼ਾਰਾ ਨਜ਼ਰ ਆ ਰਿਹਾ ਹੈ।

ਆਪ ਨੇ ਇਹ ਵੀ ਬਚਨ ਕੀਤਾ ਕਿ ਜਪ ਪ੍ਰਯੋਗ ਦੇ ਦਿਨਾਂ ਵਿੱਚ ਤੁਸੀਂ ਕ੍ਰਿਪਾ ਕਰਕੇ ਅੰਮ੍ਰਿਤ ਵੇਲੇ ਆਉਂਦੇ ਰਹੇ ਹੋ, ਹੁਣ ਵੀ ਅੰਮ੍ਰਿਤ ਵੇਲੇ ਉੱਠਣ ਦੀ ਮਰਿਯਾਦਾ ਕਾਇਮ ਰਖੋ। ਭਜਨ ਬੰਦਗੀ ਕਰਕੇ ਵਿਖਾਵਾ ਨਾ ਕਰੋ, ਇਸ ਨੂੰ ਛੁਪਾਓ, ਈਰਖਾ ਸਿੱਖੀ ਵਿੱਚ ਮਾੜੀ ਸਮਝੀ ਗਈ ਹੈ ਤੁਸੀਂ ਸਦਾ ਸਤਿਗੁਰੂ ਜੀ ਦੇ ਦੱਸੇ ਚੰਗੇ ਮਾਰਗ ਤੇ ਚਲੋ।

## ਸਤਿਗੁਰੂ ਜੀ ਦੇ ਜਪ ਪ੍ਰਯੋਗ ਸਮਾਪਤੀ ਸਮੇਂ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ

ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਇਤਿਹਾਸਕ ਕੋਠੀ ਨੰ-1 ਵਿੱਚ 111ਵੇਂ ਜਪ ਪ੍ਰਯੋਗ ਦੀ ਸਮਾਪਤੀ ਕੀਤੀ। ਇਸਦੇ ਨਿਰਵਿਘਨ ਸਮਾਪਤੀ ਹੋਣ ਦੀ ਅਰਦਾਸ ਸੰਤ ਮਹਿੰਦਰ ਸਿੰਘ ਪੂਰਬਾ ਨੇ ੧੩ ਅਕਤੂਬਰ 2015 ਨੂੰ ਅੰਮ੍ਰਿਤ ਵੇਲੇ 3:15 ਵਜੇ ਕੀਤੀ। ਉਹਨਾਂ ਸਤਿਗੁਰੂ ਰਾਮ ਸਿੰਘ ਜੀ ਅਗੇ ਬੇਨਤੀ ਕੀਤੀ ਕਿ ਆਪ ਜੀ ਦੀ ਕ੍ਰਿਪਾ ਨਾਲ ਆਪ ਜੀ ਦੇ ਦਰਸ਼ਨਾਂ ਨਮਿਤ ਧੂਪ, ਦੀਪ, ਕੁੰਭ, ਸਮਗਰੀ ਸੰਯੁਕਤ ਕੀਤੇ ਜਪ ਪ੍ਰਯੋਗ ਦੀ ਨਿਰਵਿਘਨ ਸਮਾਪਤੀ ਹੋਈ ਹੈ, ਕ੍ਰਿਪਾ ਕਰੋ ਆਪਣੇ ਸਰਗੁਣ ਸਰੂਪ ਦੇ ਦਰਸ਼ਨ ਬਖ਼ਸ਼ੋ, ਪੰਥ ਦੀ ਚੜ੍ਹਦੀ ਕਲਾ ਹੋਵੇ ਤੇ ਹਰ ਪ੍ਰਕਾਰ ਦੀ ਰੱਖਿਆ ਅਤੇ ਕ੍ਰਿਪਾ ਕਰੋ। ਪੂਰਬਾ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ ਆਪ ਜੀ ਨੇ ਬਖ਼ਸ਼ਸ਼ ਕਰਨੀ ਆਪਣਾ ਮੇਹਰ ਭਰਿਆ ਹੱਥ ਸਾਡੇ ਸਿਰਾਂ ਉੱਤੇ ਰੱਖਣਾ ਤਾਂਕਿ ਆਪ ਜੀ ਦੀ ਕ੍ਰਿਪਾ ਨਾਲ ਪੰਥ ਦੀ ਸੇਵਾ ਕਰ ਸਕੀਏ।

## ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 21-22 ਨਵੰਬਰ ਨੂੰ

ਸ੍ਰੀ ਭੈਣੀ ਸਾਹਿਬ- ਸਤਿਗੁਰੂ ਜਗਜੀਤ ਸਿੰਘ ਜੀ ਦੇ 96ਵੇਂ ਪ੍ਰਕਾਸ਼ ਪੁਰਬ ਮੌਕੇ 21-22 ਨਵੰਬਰ ਦਿਨ ਸ਼ਨੀਵਾਰ, ਐਤਵਾਰ (6 ਅਤੇ 7 ਮੱਘਰ 2072) ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛੱਤਰ ਛਾਇਆ ਹੇਠ ਸੰਗੀਤ ਸੰਮੇਲਨ ਕੀਤਾ ਜਾ ਰਿਹਾ ਹੈ। ਇਸ ਸੰਗੀਤ ਸੰਮੇਲਨ ਵਿੱਚ ਵਿਸ਼ਵ ਪੱਧਰ ਦੇ ਮਹਾਨ ਸੰਗੀਤ ਕਾਰ ਹਿਸਾ ਲੈ ਰਹੇ ਹਨ।

**21 ਨਵੰਬਰ 2015 ਦਿਨ ਸ਼ਨੀਵਾਰ ਸਮਾਂ ਸ਼ਾਮੀ 5 ਵਜੇ**

| | |
|---|---|
| ਜੈਤਾ ਸਿੰਘ ਨਾਮਧਾਰੀ | ਸਰੋਦ |
| ਮਨਸਾ ਸਿੰਘ ਨਾਮਧਾਰੀ | ਤਬਲਾ ਸੰਗਤ |
| ਪੰਡਿਤ ਉਲਹਾਸ ਕੁਸ਼ਾਲਕਰ ਜੀ | ਗਾਇਨ |
| ਪੰਡਿਤ ਯੋਗੇਸ਼ ਸਾਮਸੀ ਜੀ | ਤਬਲਾ ਸੰਗਤ |
| ਸ੍ਰੀ ਵਿਜੇ ਮਿਸ਼ਰਾ ਜੀ | ਹਾਰਮੋਨੀਅਮ |
| ਪੰਡਿਤ ਰਾਜੇਂਦਰ ਗੰਗਾਨੀ ਅਤੇ ਸਾਥੀ | ਕੱਥਕ ਨ੍ਰਿਤ |
| ਪੰਡਿਤ ਫਤਿਹ ਸਿੰਘ ਗੰਗਾਨੀ | ਤਬਲਾ ਸੰਗਤ |
| ਉਸਤਾਦ ਸੁਖਵਿੰਦਰ ਸਿੰਘ ਨਾਮਧਾਰੀ | ਤਬਲਾ ਸੰਗਤ |

**22 ਨਵੰਬਰ 2015 ਦਿਨ ਐਤਵਾਰ ਸਮਾਂ ਸ਼ਾਮੀ 5 ਵਜੇ**

| | |
|---|---|
| ਕਿਰਪਾਲ ਸਿੰਘ ਨਾਮਧਾਰੀ | ਤਾਰ ਸ਼ਹਿਨਾਈ |
| ਅਜੇਪਾਲ ਸਿੰਘ ਨਾਮਧਾਰੀ | ਤਬਲਾ ਸੰਗਤ |
| ਰਾਗੀ ਵੀਰ ਸਿੰਘ ਨਾਮਧਾਰੀ | ਗਾਇਨ |
| ਸ੍ਰੀ ਹਰਪ੍ਰੀਤ ਸਿੰਘ ਨਾਮਧਾਰੀ | ਤਬਲਾ ਸੰਗਤ |
| ਉਸਤਾਦ ਜ਼ਾਕਿਰ ਹੁਸੈਨ | ਤਬਲਾ |
| ਉਸਤਾਦ ਫ਼ਜਲ ਕੁਰੈਸ਼ੀ | ਤਬਲਾ |
| ਉਸਤਾਦ ਤੌਫ਼ੀਕ ਕੁਰੈਸ਼ੀ | ਜੈਂਬੇ |
| ਪੰਡਿਤ ਅਜੈ ਜੋਗਲੇਕਰ | ਹਾਰਮੋਨੀਅਮ (ਲਹਿਰਾ) |

# ਜਪ ਪ੍ਰਯੋਗ ਅਤੇ ਅੱਸੂ ਦਾ ਮੇਲਾ ਸੰਪੰਨ (ਪਿਛਲੇ ਅੰਕ ਦੀ ਬਾਕੀ)



ਸ੍ਰੀ ਸਤਿਗੁਰੂ ਜੀ 'ਸਭ ਕੁਝ ਤੂੰ ਹੀ ਤੂੰ' ਪ੍ਰੋਗਰਾਮ ਵਿਚ ਅਵੱਲ ਆਈ ਬੱਚੀ ਨੂੰ ਇਨਾਮ ਦੇਣ ਦੀ ਕਿਰਪਾ ਕਰਦੇ ਹੋਏ।

**ਸੂਬਾ ਹਰਭਜਨ ਸਿੰਘ ਲੁਧਿਆਣਾ** ਨੇ ਕਿਹਾ ਕਿ 1965 ਤੇ ਅੱਜ ਦੇ ਦਿਨ ਵਿਚ ਦਿਨ ਰਾਤ ਦਾ ਫਰਕ ਹੈ। ਉਹ ਸਮਾਂ ਸੀ ਜਦੋਂ ਸਤਿਗੁਰੂ ਜੀ ਨੇ ਸੇਵਾ ਲਈ ਸੀ। ਜਦੋਂ ਅਸੀਂ ਕਿਸੇ ਨੂੰ ਠੇਸ ਪਹੁੰਚਾਵਾਂਗੇ ਤਾਂ ਉਹ ਦੁਖੀ ਹੋ ਜਾਵੇਗਾ। ਜੇ ਬਜ਼ੁਰਗਾਂ ਕੋਲੋਂ ਕੁਝ ਚਾਹੁੰਦੇ ਹੋ ਤਾਂ ਮਨ ਕਰਕੇ ਸਤਿਕਾਰ ਕਰੋ। ਅੱਜ ਤਗੜੇ ਹੋ ਕੇ ਖੁਸ਼ੀਆਂ ਲਵੋ, ਪਿਆਰ ਵੰਡੋ। ਮਨ ਦਾ ਪਤਾ ਨਹੀਂ ਕਦੋਂ ਬਦਲ ਜਾਵੇ, ਜਿਹੜੇ ਸਤਿਗੁਰੂ ਦੇ ਨੇੜੇ ਸਨ, ਵਕਤ ਮੁਕ ਗਿਆ ਅੱਜ ਅਸੀਂ ਉਨ੍ਹਾਂ ਨੂੰ ਜਾਣਦੇ ਨਹੀਂ।

ਇਸ ਮੀਟਿੰਗ ਵਿਚ ਸੰਤ ਗੁਰਮੀਤ ਸਿੰਘ ਚਾਨਾ ਸਕੱਤਰ, ਸੁਖਵਿੰਦਰ ਸਿੰਘ ਲਾਇਲ ਸਕੱਤਰ, ਮੰਗਲਜੀਤ ਸਿੰਘ ਸਕੱਤਰ, ਹਾਜਰ ਸਨ। ਇਸ ਤੋਂ ਬਿਨਾਂ ਸੰਤ ਜਸਪਾਲ ਸਿੰਘ ਕਲਸੀ ਬੰਬਈ, ਹਰਜੀਤ ਸਿੰਘ ਥਾਈਲੈਂਡ, ਜਥੇਦਾਰ ਅਮਰੀਕ ਸਿੰਘ, ਸਤਨਾਮ ਸਿੰਘ ਦਿੱਲੀ, ਲਖਵੀਰ ਸਿੰਘ ਆਰਟਿਸਟ ਬੰਬਈ, ਵਿਸ਼ੇਸ਼ ਤੌਰ ਤੇ ਹਾਜਰ ਹੋਏ। ਮੀਟਿੰਗ ਵਿਚ ਆਏ ਸੱਜਣਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਸਤਿਗੁਰਾਂ ਦਾ ਧੰਨਵਾਦ ਕੀਤਾ ਗਿਆ।

**ਰਾਤ ਦੇ ਦਿਵਾਨ**– ਰਾਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੇ ਪ੍ਰੋਗਰਾਮ ਪੇਸ਼ ਕੀਤਾ। ਵੱਖ ਵੱਖ ਬੱਚਿਆਂ ਨੇ ਹੌਲੇ ਦੇ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਇਹਨਾਂ ਬੱਚਿਆਂ ਨੂੰ ਸੰਤ ਬਲਕਾਰ ਸਿੰਘ ਕਨੇਡਾ ਵਾਲਿਆਂ ਨੇ ਬਹੁਤ ਥੋੜੇ ਸਮੇਂ ਵਿਚ ਤਿਆਰ ਕੀਤਾ। ਇਹਨਾਂ ਦੀ ਮਿਹਨਤ ਤੇ ਲਗਨ ਦਾ ਹੀ ਨਤੀਜਾ ਹੈ ਅੱਜ ਮੇਲੇ ਦੀ ਇਸ ਸਟੇਜ ਤੇ ਛੋਟੇ ਛੋਟੇ ਬੱਚਿਆਂ ਨੇ ਕਿਸ ਤਰ੍ਹਾਂ ਹੌਲੇ ਦੇ ਦਿਵਾਨ ਸਜਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਇਹਨਾਂ ਬੱਚਿਆਂ ਦੀ ਵੀ ਮਿਹਨਤ ਤੇ ਲਗਨ ਦਾ ਸਿੱਟਾ ਹੈ ਜਿਨਾਂ ਨੇ ਸੰਤ ਜੀ ਦੀ ਮਿਹਨਤ ਨੂੰ ਚਾਰ ਚੰਨ ਲਾਏ। ਵੱਖ ਵੱਖ ਬੱਚਿਆਂ ਵਲੋਂ ਲਾਏ ਦਿਵਾਨ ਇਸ ਪ੍ਰਕਾਰ ਹਨ–

**ਜਥੇਦਾਰ ਰਾਮ ਸਿੰਘ** ਨੇ ਧਾਰਨਾ ਲਾ ਕੇ ਦਿਵਾਨ ਸਜਾਇਆ।

*ਤੇਰਾ ਨਾਮ ਗਰੀਬ ਨਿਵਾਜ*
*ਬਖਸ਼ੋ ਔਗੁਣਹਾਰੇ ਨੂੰ।*

**ਰਤਨ ਕੌਰ– ਰਤਨਾ ਮਾਲਵੀਆ – ਰਤਨ ਸਿੰਘ ਤੇ ਸ੍ਰੀ ਰਾਜੇਸ਼ ਮਾਲਵੀਆ** ਨੇ ਬੱਚਿਆਂ ਦੇ ਨਾਲ ਤਬਲੇ ਤੇ ਸੰਗਤ ਕੀਤੀ ਤੇ ਰਤਨ ਮਾਲਵੀਆ ਤੇ ਰਤਨ ਕੌਰ ਨੇ ਸਿਤਾਰ ਨਾਲ ਰਾਗ ਕਿਰਵਾਨੀ ਵਿਚ ਪੰਡਤ ਸ਼ਿਵ ਕੁਮਾਰ ਸ਼ਰਮਾ (ਸੰਤੂਰ) ਦੀਆਂ ਦੋ ਰਚਨਾਵਾਂ ਪੇਸ਼ ਕੀਤੀਆਂ।

**ਕਾਕਾ ਪਿਆਰਾ ਸਿੰਘ ਪਵਿੱਤਰ ਸਿੰਘ ਪਵਿੱਤਰ ਕੌਰ** ਕਨੇਡਾ ਨੇ ਸ਼ਬਦ ਗਾਇਨ ਕੀਤਾ। ਸ਼ਬਦ ਸੀ–

*ਜਪਿ ਮਨ ਜਗੰਨਾਥ ਜਗਦੀਸਰੋ।।*

ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਇਹ ਪ੍ਰੋਗਰਾਮ ਪ੍ਰਸਤੁਤ ਕੀਤਾ ਗਿਆ।

**ਜਥੇਦਾਰ ਸੁਰਜੀਤ ਸਿੰਘ ਮੁਸਤਫਾਪੁਰ** ਵਾਲਿਆਂ ਨੇ ਹੌਲੇ ਦਾ ਦਿਵਾਨ ਸਜਾਇਆ ਧਾਰਨਾ ਸੀ–

*ਗੁਰਮੁਖ ਦੇਖ ਗੁਰੂ ਸੁਖ ਪਾਇਉ।।*

**ਕਵੀ ਦਰਬਾਰ**– ਅੱਜ ਸ਼ਾਨਦਾਰ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਜਿਸ ਵਿਚ ਵੱਖ ਵੱਖ ਸਥਾਨਾਂ ਤੋਂ ਕਵੀ ਸੱਜਣਾਂ ਨੇ ਹਿੱਸਾ ਲਿਆ। ਸਾਹਿਤ ਸਭਾ ਸ੍ਰੀ ਜੀਵਨ ਨਗਰ ਤੇ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਕਵੀਆਂ ਨੇ ਵੀ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਸੂਬਾ ਬਲਵਿੰਦਰ ਸਿੰਘ ਝੱਲ ਤੇ ਕਵੀ ਬਲਦੇਵ ਸਿੰਘ ਵੜੈਚ ਨੇ ਮੰਚ ਸੰਚਾਲਨ ਕੀਤਾ। ਅੱਜ ਦਾ ਕਵੀ ਦਰਬਾਰ "ਸਤਿਗੁਰੂ ਜਗਜੀਤ ਸਿੰਘ ਸਾਨੂੰ ਜੀਉਣ ਦੀ ਜਾਚ ਸਿਖਾ ਗਏ ਨੇ" ਉਪਰ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

**ਜੋਗਿੰਦਰ ਸਿੰਘ ਕੰਗ**–
ਮਹਿਮਾ ਗੁਰ ਜਗਜੀਤ ਦੀ ਕੀ ਦੱਸਾਂ
ਨਵੇਂ ਪੂਰਨੇ ਜਗ ਵਿਚ ਪਾ ਗਏ ਨੇ।

**ਲਖਵਿੰਦਰ ਸਿੰਘ ਬਾਜਵਾ**–
*ਜੁਗਾਂ ਤੀਕ ਨਾ ਗਿਣਦਿਆਂ ਗਿਣੇ ਜਾਣ*
*ਤੁਸੀਂ ਜਿਹੜੇ ਪਰਉਪਕਾਰ ਕਮਾ ਗਏ ਹੋ।*

**ਸਤਨਾਮ ਸਿੰਘ ਕੋਮਲ**–
*ਹਉਕੇ ਸਾਜਾਂ ਦੇ ਮੋਰਾਂ ਦੀ ਅੱਖ*
*ਅੱਥਰੂ ਮਲਦੇ ਧਰਤ ਤੇ ਅਸਮਾਨ ਰਹਿ ਗਏ।*

**ਬਲਵੰਤ ਸਿੰਘ ਵਿਰਕ**–
*ਕੀ ਸਿਫਤ ਕਰਾਂ ਗੁਰ ਜਗਜੀਤ ਦੀ।*

**ਸੂਬਾ ਸੁਰਿੰਦਰ ਕੌਰ ਖਰਲ**–
*ਹਰਦਮ ਖੁਸ਼ੀਆਂ ਤੇ ਗਮਾਂ ਚੋਂ*
*ਸਹਜ ਰਹਿਣ ਦੀ ਅਵਸਥਾ*
*ਹਰ ਹਾਲਤ ਚੋਂ ਖੇੜਿਆਂ ਚੋਂ ਖੁਸ਼ੀਆਂ ਚੋਂ।*

**ਭੁਪਿੰਦਰ ਸਿੰਘ ਚੀਮਾ**–
*ਸਾਡੀ ਰੁਲਦਿਆਂ ਦੀ ਕੋਈ ਵਾਤ ਨਾ ਲੈਂਦਾ।*

**ਮਾਸਟਰ ਅਮਰੀਕ ਸਿੰਘ**–
*ਤੁਸੀਂ ਧਨ ਹੋ ਗੁਰ ਜਗਜੀਤ ਜੀ,*
*ਧਰਤੀ ਤੇ ਸਵਰਗ ਦਿਖਾ ਗਏ ਹੋ।*

**ਬੀਬੀ ਸੰਧਾਂਵਾਲੀ**–
*ਜਗਜੀਤ ਸਤਿਗੁਰ ਸਾਰੇ ਜਗਤ ਨੂੰ*
*ਆਪ ਰੁਸਨਾ ਗਏ ਹੋ।*

**ਹਰਭਜਨ ਸਿੰਘ ਰਾਜਾ**–
*ਕਰ ਸਕੇ ਨਾ ਜਿਹਬਾ ਬਿਆਨ ਮੇਰੀ।*

**ਹਜਾਰਾ ਸਿੰਘ ਮੰਡ**–
*ਅਸੀਂ ਕਿਸ ਤਰ੍ਹਾਂ ਤੁਹਾਡਾ ਗੁਣਗਾਨ ਕਰੀਏ*
*ਸਾਨੂੰ ਜਿਉਣ ਦੀ ਜਾਚ ਸਿਖਾ ਗਏ ਹੋ।*

**ਜਸਵਿੰਦਰ ਸਿੰਘ**–
*ਤੀਨ ਲੋਕ ਦੇ ਵਾਲੀ ਜਗਜੀਤ ਸਤਿਗੁਰ*
*ਐਸੀ ਪ੍ਰੇਮ ਦੀ ਗੰਗਾ ਵਹਾ ਗਏ ਹੋ।*

**ਗੁਰਸੇਵਕ ਸਿੰਘ ਢਿਲੋਂ**–
*ਗਲ ਕਰਨ ਦੀ ਜਾਚ ਨਾ ਆਈ ਸਾਨੂੰ*
*ਗਲ ਗਲ ਤੇ ਦਿੱਤੀ ਵਡਿਆਈ ਸਾਨੂੰ।*

**ਸੁਖਦੇਵ ਸਿੰਘ ਚੂੰਨੀ**–
*ਜਗਜੀਤ ਨੇ ਜਗ ਨੂੰ ਜਿਤਿਆ ਸੀ*
*ਉਨ੍ਹਾਂ ਇਕ ਇਸ਼ਾਰੇ ਨਾਲ ਦੁੱਖ ਕੱਟੇ।*

**ਭਿੰਡਰ**–
*ਤੇਰੇ ਹਵਨਾਂ ਦੀ ਹਵਾ ਨਾਲ ਸ਼ੁੱਧ ਹੁੰਦੀ।*

**ਗੁਰਮੁਖ ਸਿੰਘ ਅਨੇਜਾ**–
*ਤੋੜ ਦਿਉ ਨਫਰਤ ਦੀਆਂ ਕੰਧਾਂ*
*ਨਾਲ ਪਿਆਰ ਦੇ ਬੋਲੋ।*

**ਸਾਧੂ ਸਿੰਘ ਕਿਸਾਨ**–
*ਜਿਨਾਂ ਵਿਚ ਨਹੀਂ ਧੀਰਜ ਮਾਸਾ*
*ਉਨ੍ਹਾਂ ਨੂੰ ਸਹਿਣ ਦੀ ਜਾਚ ਸਿਖਾ ਗਏ ਹੋ।*

## ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

### ਸ੍ਰੀ ਅੰਮ੍ਰਿਤਸਰ ਜੀ ਤੋਂ ਸ੍ਰੀ ਮੁਕਤਸਰ ਜੀ ਨੂੰ ਜਾਣਾ ਗੁਰੂ ਜੀ ਨੇ

ਲੰਗਰ ਤੋਰ ਦਿਤਾ ਓਸੇ ਬਖਤ ਭਾਈ ਹਿੰਦੂ ਛਕਣ ਨੂੰ ਤੁਰਕ ਹਜਾਰ ਹੋਏ।
ਸੁਣਕੇ ਸ਼ਿਸਨ ਆਯਾ ਖਾਤਰ ਪੇਸ਼ਵਾਈ ਕੁਤਵਾਲ ਨਾਲੇ ਠਾਣੇਦਾਰ ਹੋਏ।
ਅਦਬ ਨਾਲ ਸਾਰਾ ਇੰਤਜਾਮ ਕਰਦੇ ਕਠੇ ਲੋਕ ਨੇਂ ਕਈ ਹਜਾਰ ਹੋਏ।
ਸਤਿਗੁਰ ਹੁਕਮ ਦਿੰਦੇ ਸੰਤ ਖਾਲਸੇ ਨੂੰ ਦਰਸਨ ਕਰਨ ਦਰਵਾਰ ਤਿਆਰ ਹੋਏ।
ਸਿੰਘਾਂ ਢੋਲਕਾਂ ਖੂਬ ਸਮਾਰ ਲਈਆਂ ਇਕ ਵੇਰ ਨੇੜੇ ਨਰ ਨਾਰ ਹੋਏ।
ਕਾਲਾ ਸਿੰਘ ਪਰਸਾਦਿ ਤਿਆਰ ਕਰਕੇ ਕਠੇ ਸਿੰਘ ਹੰਸਾਂ ਵਾਂਗ ਡਾਰ ਹੋਏ।

(ਚਲਦਾ)



ਸ੍ਰੀ ਸਤਿਗੁਰੂ ਜੀ ਸ. ਤੇਜਵੀਰ ਸਿੰਘ (ਡੀ. ਐਸ. ਪੀ.) ਨੂੰ ਸਨਮਾਨਿਤ ਕਰਦੇ ਹੋਏ।

**ਮਾਸਟਰ ਮਹਿਲ ਸਿੰਘ**–
*ਕੱਟੀ ਗਈ ਚੋਰਾਸੀ ਉਨਾਂ ਦੀ।*

**ਬਲਰਾਜ ਸਿੰਘ**–
*ਨਾਮ ਦਾਨ ਇਸ਼ਨਾਨ ਦੀ ਦਾਤ ਦੇ ਕੇ*
*ਕੇਸਾਂ ਨੂੰ ਜਿਉਣ ਦੀ ਜਾਚ ਸਿਖਾ ਗਏ ਹੋ।*

**ਗੁਰਜੋਬਨ ਸਿੰਘ**–
*ਵਡਪ੍ਰਤਾਪੀ ਦੇ ਮਹਾਂ ਪਰਤਾਪ ਜੀਉ ਦਰ*
*ਤੁਸਾਂ ਦੇ ਅਲਖ ਜਗਾਉਣ ਆਇਆ।*

**ਬੀਬੀ ਮਠਾੜੂ**–
*ਦੇ ਕੇ ਨਾਮ ਗੁਰ ਜਗਜੀਤ ਜੀ ਸਵਾਲੀ ਬੰਦੂਆਂ ਦੀ*

**ਪੂਰਨ ਸਿੰਘ ਨਿਰਾਲਾ**–
*ਭੁਲ ਸਕਦੇ ਨਹੀਂ ਅਸੀ ਪੀਆ*
*ਸਾਨੂੰ ਜਿਉਣ ਦੀ ਜਾਚ ਸਿਖਾ ਗਏ ਹੋ।*

**ਬਲਵੀਰ ਸਿੰਘ ਢਿਲੋਂ**–
*ਬਿਨਾਂ ਗੁਰ ਦੇ ਗੱਤ ਨਾ ਪੱਤ ਹੁੰਦੀ*
*ਲੜ ਜਾਗਦੇ ਗੁਰ ਦੇ ਲਾ ਗਏ ਹੋ।*

**ਕਮਾਲ ਸਿੰਘ**–
*ਸੇਵਾ ਕਰੀ ਦੀ ਕਿਸ ਤਰਾਂ ਜਗ ਉਤੇ*
*ਐਸੇ ਪੂਰਨੇ ਪਾ ਗਏ ਹੋ।*

**ਸੁਲੱਖਣ ਸਿੰਘ ਅਟਵਾਲ**–
*ਮੇਰੇ ਧਨ ਗੁਰ ਜਗਜੀਤ ਜੀਓ*
*ਸਾਨੂੰ ਜਿਉਣ ਦੀ ਜਾਚ ਸਿਖਾ ਗਏ ਹੋ।*

**ਪ੍ਰੋ. ਤਾਰਾ ਸਿੰਘ ਅਨਜਾਣ**–
*ਬੋਲ ਬੋਲਦੇ ਬੋਲਦੇ ਚੁੱਪ ਹੋ ਗਏ*
*ਚੁਪ ਚਾਪ ਹੀ ਕੰਨੀ ਖਿਸਕਾ ਗਏ ਹੋ।*

**ਪਿਆਰਾ ਸਿੰਘ**–
*ਬਿਨਾਂ ਮੰਗਿਆਂ ਖੈਰ ਪਾ ਗਏ ਹੋ।*

**ਸਵਿੰਦਰ ਸਿੰਘ ਲੁਧਿਆਣਾ**–
*ਜਗਜੀਤ ਗੁਰ ਦੀ ਸਿਫਤ ਕੀ ਕਰੀਏ*
*ਨਿਤ ਨਵੇਂ ਜੋ ਕੌਤਕ ਦਿਖਾਂਵਦਾ ਸੀ।*

**ਜਗੀਰ ਸਿੰਘ ਵਿਕੀ**–
*ਕਰਮਾਂ ਦੇ ਮਾਰਿਆਂ ਨੂੰ ਲੇਖਾਂ ਹੱਥੋਂ ਹਾਰਿਆਂ ਨੂੰ*
*ਜਗੋਂ ਦੁਖਿਆਰਾਂ ਨੂੰ।*

**ਪ੍ਰੀਤਮ ਸਿੰਘ**–
*ਧਰਤੀ ਬੰਗਲੌਰ ਦੀ ਹਰੀ ਭਰੀ ਹੋਈ*
*ਸਾਨੂੰ ਜਿਉਣ ਦੀ ਜਾਚ ਸਿਖਾ ਗਏ ਹੋ।*

**ਬਲਵੰਤ ਸਿੰਘ**–
*ਅਸੀਂ ਮਰ ਕੇ ਵੀ ਨਹੀਂ ਭੁਲ ਸਕਦੇ*
*ਸਾਨੂੰ ਜਿਉਣ ਦੀ ਜਾਚ ਸਿਖਾ ਗਏ ਹੋ।*

**ਜਰਨੈਲ ਸਿੰਘ**–
*ਮੇਰੇ ਸਹਿਨਸ਼ਾਹ ਗੁਰ ਜਗਜੀਤ ਸਿੰਘ ਜੀ*
*ਸਾਨੂੰ ਜੀਉਣ ਦੀ ਜਾਚ ਸਿਖਾ ਗਏ ਹੋ।*

**ਗੁਰਜੀਤ ਸਿੰਘ ਪੱਪੂ**–
*ਵੱਡ ਪ੍ਰਤਾਪੀ ਦਾ ਵੱਡਾ ਪ੍ਰਤਾਪ ਬਣਕੇ।*

**ਬਲਦੇਵ ਸਿੰਘ**–
*ਨਾਮ ਜਪਣ ਦੀ ਆਦਤ ਪਾ ਗਏ ਹੋ*
*ਮੇਰੇ ਪਾਤਸ਼ਾਹ ਗੁਰ ਜਗਜੀਤ ਸਿੰਘ ਜੀ।*

**ਮੇਲੇ ਦਾ ਚੌਥਾ ਦਿਨ**
**16 ਅਕਤੂਬਰ 2015**

ਅੱਜ ਮੇਲੇ ਦਾ ਚੌਥਾ ਤੇ ਆਖਰੀ ਦਿਨ ਸੀ। ਅਗਲੇ ਦਿਨ ਸਵੇਰੇ ਭੋਗ ਪੈਣਾ ਸੀ। ਇਸ ਕਰਕੇ ਅੱਜ ਦੇ ਦਿਨ ਦੂਰੋਂ ਨੇੜਿਓਂ ਸਾਧ ਸੰਗਤ ਦਾ ਇਕੱਠ ਵਧਦਾ ਜਾ ਰਿਹਾ ਸੀ। ਅਨੰਦ ਕਾਰਜਾਂ ਵਾਲੇ ਵੀ ਸਵੇਰੇ ਤਕ ਪਹੁੰਚ ਚੁੱਕੇ ਸਨ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਅੱਜ ਦੇ ਵਾਰ ਵਿਚ ਹਜ਼ੂਰੀ ਰਾਗੀ ਸਨ ਸਰਵ ਸੰਤ ਹਰਬੰਸ ਸਿੰਘ, ਸ਼ਾਮ ਸਿੰਘ, ਸਰਮੁਖ ਸਿੰਘ, ਹਰਵਿੰਦਰ ਸਿੰਘ, ਵੀਰਪਾਲ ਸਿੰਘ ਤੇ ਅਜੇਪਾਲ ਸਿੰਘ, ਗੁਰਲਾਲ ਸਿੰਘ। ਸ਼ਬਦ ਸਨ–

– *ਤਹਾ ਬੈਕੁੰਠ ਜਹਾਂ ਕੀਰਤਨੁ ਤੇਰਾ।।*
– *ਨਾਨਕ ਜਿਨ ਕਉ ਸਤਿਗੁਰ ਮਿਲਿਆ ਤਿਨ ਕਾ ਲੇਖਾ ਨਿਬੜਿਆ।।*

ਆਸਾ ਦੀ ਵਾਰ ਵਿਚ ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਸਾਰੀ ਸੰਗਤ ਨੇ ਵਾਰੋ ਵਾਰੀ ਕਤਾਰਾਂ ਵਿਚ ਆਕੇ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ। ਉਪਰੰਤ ਵਾਰ ਦੀ ਸਮਾਪਤੀ ਦੀ ਅਰਦਾਸ ਹੋਈ ਤੇ ਸਾਰੀ ਸੰਗਤ ਨੂੰ ਬੈਠਣ ਦਾ ਹੁਕਮ ਹੋਇਆ। ਅੱਜ ਦੇ ਦਿਵਾਨਾਂ ਦੀ ਅਨਾਊਂਸਮੈਂਟ ਕੀਤੀ ਗਈ।

**ਸੰਤ ਹਰਪਾਲ ਸਿੰਘ ਸੇਵਕ** ਨੇ ਕਿਹਾ ਸਤਿਗੁਰੂ ਦੇ ਚਰਨਾਂ ਚੋਂ ਭਗਤੀ ਕਰਕੇ

(ਬਾਕੀ ਸਫਾ 6 'ਤੇ)

# ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

ਅੱਸੂ ਦੇ ਮੇਲੇ ਸਮੇਂ

## ਸਾਧ ਸੰਗਤ ਗੁਰ ਮਰਯਾਦਾ ਦਾ ਦ੍ਰਿੜਤਾ ਨਾਲ ਪਾਲਨ ਕਰੇ



*ਪਰਮ ਸਤਿਕਾਰਯੋਗ ਸਾਧ ਸੰਗਤ ਜੀ, ਅਸੀਂ ਨਾਮਧਾਰੀ ਬੜੇ ਮਾਣ ਨਾਲ ਕਹਿੰਦੇ ਹਾਂ ਕਿ ਸਾਡੇ ਵਿਆਹ ਸਾਦੇ ਹੁੰਦੇ ਨੇ। ਅਸੀਂ ਪਵਿਤ੍ਰ ਅਨੰਦ ਕਾਰਜ ਦੀ ਰਸਮ ਬਾਕੀ ਸਿੱਖ ਪੰਥ ਨੂੰ ਦਿੱਤੀ ਏ। ਜਿਹਨਾਂ ਬੱਚਿਆਂ ਬੱਚੀਆਂ ਦੇ ਅਨੰਦ ਕਾਰਜ ਹੋਏ ਨੇ ਸਤਿਗੁਰੂ ਜੀ ਉਹਨਾਂ ਦੇ ਸਿਰਾਂ ਤੇ ਹੱਥ ਰੱਖਣ, ਉਹਨਾਂ ਨੂੰ ਖੁਸ਼ੀਆਂ ਬਖਸ਼ਣ, ਉਹਨਾਂ ਨੂੰ ਸਿੱਖੀ ਬਖਸ਼ਣ। ਸਭ ਤੋਂ ਪਹਿਲਾਂ ਮੈਂ ਇਹ ਅਰਜ਼ ਕਰਾਂਗਾ ਇਹ ਜੋ ਅਨੰਦ ਕਾਰਜ ਹੋਏ ਨੇ ਇਹਨਾਂ ਨੂੰ ਮੈਲੇ ਨਾ ਕੀਤਾ ਜਾਏ। ਮੈਲੇ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਇਸ ਅਨੰਦ ਕਾਰਜ ਰਸਮ ਤੋਂ ਬਾਅਦ ਪਾਰਟੀਆਂ ਹੁੰਦੀਆਂ ਨੇ, ਫਿਰ ਭੰਗੜੇ ਹੁੰਦੇ ਨੇ। ਇਸ ਪਵਿੱਤਰ ਰਸਮ ਦੀ ਮਿਠੀ ਯਾਦ ਇਸ ਤਰ੍ਹਾਂ ਹੀ ਰਹੇ, ਇਹਨੂੰ ਹੋਰ ਕਿਸੇ ਤਰ੍ਹਾਂ ਦੇ ਰੀਤੀ ਰਿਵਾਜਾਂ ਵਿਚ ਨਾ ਪਾਇਆ ਜਾਏ।*

*ਮੈਂ ਇਹਨਾਂ ਲੜਕੇ ਲੜਕੀਆਂ ਨੂੰ ਵੀ ਆਖਾਂਗਾ ਜਿਹਨਾਂ ਦੇ ਅਨੰਦ ਕਾਰਜ ਹੋਏ ਨੇ, ਜੇ ਕਿਸੇ ਨੇ ਪਾਰਟੀਆਂ ਬੁਕ ਕੀਤੀਆਂ ਨੇ, ਮੈਰਿਜ ਹਾਲ ਬੁਕ ਕੀਤੇ ਨੇ, ਉਹ ਕੈਂਸਲ ਕਰ ਦਿਓ। ਜੇ ਕਿਸੇ ਦਾ ਨੁਕਸਾਨ ਵੀ ਹੋਵੇਗਾ ਤੇ ਮੇਰੇ ਕੋਲੋਂ ਆ ਕੇ ਲੈ ਜਾਇਓ। ਜੇ ਕੋਈ ਤੁਹਾਨੂੰ ਮਾੜਾ ਆਖੇਗਾ, ਕੋਈ ਗੱਲ ਨਹੀਂ, ਆਪਾਂ ਲੋਕਾਂ ਨਾਲ ਨਹੀਂ ਚੱਲਣਾ, ਆਪਾਂ ਸਤਿਗੁਰੂ ਸੱਚੇ ਪਾਤਸ਼ਾਹ ਨਾਲ ਚੱਲਣਾ ਹੈ।* ***"ਮਨੁ ਬੇਚੈ ਸਤਿਗੁਰ ਕੈ ਪਾਸਿ ਤਿਸੁ ਸੇਵਕ ਕੇ ਕਾਰਜ ਰਾਸਿ"*** *ਆਪਾਂ ਨੂੰ ਸੁਖ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਮੰਨ ਕੇ ਮਿਲਣਾ ਹੈ।*

*2015 ਦਾ ਜਪ ਪ੍ਰਯੋਗ ਹੋਇਆ ਹੈ, ਨਾਮ ਸਿਮਰਨ ਬੜੇ ਦਿਨ ਹੋਇਆ ਏ। ਕੱਲ੍ਹ ਵੀ ਅਸੀਂ ਗੱਲ ਕੀਤੀ ਸੀ ਕਿ ਦਸ ਹਜ਼ਾਰ ਤੋਂ ਵੱਧ ਸਿੰਘਾਂ, ਬੀਬੀਆਂ, ਬੱਚਿਆਂ ਨੇ ਨਾਮ ਸਿਮਰਨ ਕੀਤਾ ਹੈ, ਸ਼ਾਇਦ ਪੰਜ ਛੇ ਲੱਖ ਘੰਟੇ ਨਾਮ ਸਿਮਰਨ ਹੋਇਆ ਹੈ। ਇਸ ਤਰ੍ਹਾਂ ਨਾਮ ਸਿਮਰਨ ਸ਼ਾਇਦ ਕਿਤੇ ਹੋਰ, ਕਿਸੇ ਸਮਾਜ ਵਿਚ ਨਹੀਂ ਹੁੰਦਾ। ਪਰ ਮੈਂ ਇਹ ਅਰਜ਼ ਬੇਨਤੀ ਕਰਾਂਗਾ ਕਿ ਤੁਸੀਂ, ਇਹ ਜਿਹੜੀ ਦਾਤ ਪਾਈ ਏ ਇਹ ਚਾਲੂ ਰਹੇ। ਫਿਰ ਇਹ ਨਾ ਹੋਵੇ ਕਿ ਇਹ ਨਾਮ ਸਿਮਰਨ ਜਿਹੜਾ ਹੈ ਇਕ ਮਹੀਨੇ ਵਾਸਤੇ ਕੀਤਾ ਹੈ, ਚਾਲੀ ਦਿਨ ਵਾਸਤੇ ਕੀਤਾ ਹੈ, ਉਸ ਤੋਂ ਬਾਅਦ ਵੀ ਘਟੋ ਘੱਟ ਜੇ ਬਹੁਤ ਜਲਦੀ ਨਹੀਂ ਉਠ ਸਕਦੇ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਜ਼ਰੂਰ ਮੰਨੋ ਤੇ ਸੂਰਜ ਚੜ੍ਹਨ ਤੋਂ ਪਹਿਲਾਂ ਉਠੋ। ਹਰ ਨਾਮਧਾਰੀ ਸਨਕੇਸੀਂ ਇਸ਼ਨਾਨ ਕਰਕੇ, ਨਾਮ ਸਿਮਰਨ ਕਰਕੇ ਫਿਰ ਕੰਮ ਤੇ ਜਾਏ। ਸਤਿਗੁਰੂ ਸੱਚੇ ਪਾਤਸ਼ਾਹ ਨੇ ਬੜੇ ਦਾਅਵੇ ਨਾਲ ਅਖਿਆ ਹੈ ਕਿ ਜੇ ਤੁਸੀਂ ਨਾਮ ਸਿਮਰਨ ਕਰੋਗੇ ਤਾਂ ਤੁਹਾਡੇ ਕੰਮ ਸਾਰੇ ਆਪੇ ਰਾਸ ਹੋਣਗੇ। ਆਪਾਂ ਛੋਟੀ-ਛੋਟੀ ਮੰਗ ਮੰਗਦੇ ਹਾਂ ਕਿ ਕਿਰਪਾ ਕਰ ਦਿਓ। ਜਿਹਨਾਂ ਸਾਰਿਆਂ ਨੂੰ ਦੇਣਾ ਹੈ ਆਪਾਂ ਉਹਨਾਂ ਦੇ ਹੁਕਮ ਕਿਉਂ ਨਹੀਂ ਮੰਨਦੇ। ਆਪਾਂ ਨੂੰ ਕਿਸੇ ਹੋਰ ਕੋਲੋਂ ਮੰਗਣ ਦੀ ਲੋੜ ਨਹੀਂ ਕਿਉਂਕਿ ਸਿੱਖ ਪੰਥ ਦੀ ਸ਼ੁਰੂਆਤ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਸਾਰਿਆਂ ਤੋਂ ਤੋੜ ਕੇ ੧ਓਂ ਨਾਲ ਜੋੜਿਆ। ਫਿਰ ਸਾਨੂੰ ਥਾਂ ਥਾਂ ਤੇ ਮੰਗਣ ਦੀ ਲੋੜ ਹੀ ਨਹੀਂ। ਮੈਂ ਅਰਜ਼ ਬੇਨਤੀ ਕਰਾਂਗਾ ਧਾਗਾ, ਤਵੀਤ, ਮੜੀਆਂ, ਮਸਾਣਾਂ ਜਿਹਨਾਂ ਤੋਂ ਸਾਨੂੰ ਗੁਰੂ ਨਾਨਕ ਦੇਵ ਜੀ ਨੇ ਤੋੜਿਆ ਏ, ਦੁਬਾਰਾ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਬੜੀ ਜ਼ੋਰ ਨਾਲ ਦੁਹਰਾਇਆ। ਆਪਾਂ ਦੇ ਬੜੇ ਵਡੇ ਭਾਗ ਹਨ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨਾਲ ਜੁੜੇ ਹੋ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੀ ਦਿੱਤੀ ਉਸੇ ਸਿੱਖੀ ਦੇ ਰੂਪ ਨੂੰ ਪਛਾਣਦਿਆਂ ਉਸ ਸਿੱਖੀ ਤੋਂ ਹੋਰ ਕੋਈ ਦੂਜਾ ਪਾਸਾ ਵੇਖੀਏ ਹੀ ਨਾ। ਜਿਹੜਾ ਨਾਮ ਸਿਮਰਨ ਜਿਸ ਤਰ੍ਹਾਂ ਚਲਦਾ ਸੀ ਉਹ ਨਾਮ ਸਿਮਰਨ ਜ਼ਰੂਰ ਚਲਦਾ ਰਹੇ ਕਿਉਂਕਿ*

***ਭਈ ਪਰਾਪਤਿ ਮਾਨੁਖ ਦੇਹੁਰੀਆ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।***
***ਅਵਰਿ ਕਾਜ ਤੇਰੈ ਕਿਤੈ ਨ ਕਾਮ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।।***

*ਤੇ ਹੁਕਮ ਸੱਚੇ ਪਾਤਸ਼ਾਹ ਜੀ ਦਾ ਜ਼ਰੂਰ ਮੰਨਿਆ ਜਾਏ।*

*ਕਈ ਇਹ ਗਲ ਕਰਦੇ ਹਨ ਕਿ ਮਨ ਨਹੀਂ ਲਗਦਾ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਇਹ ਹੁਕਮ ਕਰਦੇ ਹੁੰਦੇ ਸੀ ਕਿ ਮੈਨੂੰ ਬੜੀ ਖੁਸ਼ੀ ਹੋਈ ਏ ਕਿ ਜਦੋਂ ਕੋਈ ਆ ਕੇ ਇਹ ਕਹਿੰਦਾ ਹੈ ਕਿ ਮਨ ਨਹੀਂ ਲਗਦਾ। ਇਹ ਘਟੋ ਘੱਟ ਬਹਿੰਦਾ ਤੇ ਹੈ, ਘੱਟੋ-ਘੱਟ ਕੋਸ਼ਿਸ਼ ਤੇ ਕਰਦੈ। ਉਹਨੂੰ ਉਦੋਂ ਪਤਾ ਲਗੇਗਾ ਕਿ ਮਨ ਨਹੀਂ ਲਗਦਾ ਜਦੋਂ ਉਹ ਨਾਮ ਸਿਮਰਨ ਕਰਨ ਲਈ ਬੈਠੇਗਾ। ਮਨ ਲਗਣਾ ਇਕ ਪ੍ਰੋਸੈਸ (ਪ੍ਰਕਿਰਿਆ) ਏ। ਕਦੇ ਵੀ ਮਨ ਸਵਿਚ ਆਨ ਸਵਿਚ ਆਫ (ਲੱਗਾ ਨਾ ਲੱਗਾ) ਨਹੀਂ ਹੁੰਦਾ। ਉਹ ਪ੍ਰੋਸੈਸ ਕੀ ਏ, ਤੁਹਾਡਾ ਮਨ ਹੌਲੀ-ਹੌਲੀ ਲੱਗਦਾ ਹੈ। ਤੁਸੀਂ ਸਤਿਗੁਰੂ ਜੀ ਦੀ ਸੋਭਾ ਕਰਦੇ ਹੋ, ਤਸੁੀਂ ਗੁਰਬਾਣੀ ਦਾ ਪਾਠ ਕਰਦੇ ਹੋ, ਤੁਸੀਂ ਗੁਰਬਾਣੀ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹੋ। ਜਦੋਂ ਤੁਸੀਂ ਉਸ ਪਾਸੇ ਤੁਰਦੇ ਹੋ ਤਾਂ ਆਪਣਾ ਮਨ ਹੌਲੀ ਹੌਲੀ ਲਗਦਾ ਹੈ। ਸਾਰਾ ਦਿਨ ਆਪਣੀਆਂ ਗਲਾਂ ਨਹੀਂ ਮੁਕਦੀਆਂ। ਆਪਾਂ ਉਹ ਗਲਾਂ ਕਰਦੇ ਹਾਂ, ਨਿੰਦਿਆ ਕਰਦੇ ਹਾਂ, ਇਕ ਦਮ ਸਵਿਚ ਆਫ ਕਰਕੇ ਮਨ ਨਾਮ ਵੱਲ ਲੱਗ ਜਾਵੇ, ਉਹ ਮੁਸ਼ਕਿਲ ਹੈ। ਕੁਝ ਟਾਈਮ ਕਢਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਉਸਤਤ ਕਰੀਏ, ਉਹਨਾਂ ਦੇ ਪੈਰੋਕਾਰਾਂ ਨੂੰ ਯਾਦ ਕਰੀਏ, ਅਸੀਂ ਗੁਰਬਾਣੀ ਤੇ ਵਿਚਾਰ ਕਰੀਏ ਕਿ ਗੁਰਬਾਣੀ ਵਿਚ ਕੀ ਲਿਖਿਐ। ਫਿਰ ਹੌਲੀ ਹੌਲੀ ਮਨ ਡੀ ਲਗੇਗਾ।*

*ਇਕ ਵਾਰ ਸਤਿਗੁਰੂ ਸੱਚੇ ਪਾਤਸ਼ਾਹ ਮੈਨੂੰ ਹੁਕਮ ਕੀਤਾ, ਹੋਰ ਵੀ ਸਰੀਰ ਬੈਠੇ ਨੇ, ਉਹਨਾਂ ਨੂੰ ਵੀ ਕੀਤਾ, ਕਿ ਜਿਹੜਾ ਤੁਸੀਂ ਪੰਜਾਂ ਬਾਣੀਆਂ ਦਾ ਪਾਠ ਕਰਦੇ ਹੋ ਚੰਗਾ ਹੈ, ਉਸ ਤੋਂ ਬਿਨਾਂ ਇਕ ਜਾਂ ਦੋ ਅਸਪਟਦੀਆਂ ਰੋਜ਼ ਸੁਖਮਨੀ ਸਾਹਿਬ ਦੀਆਂ ਜ਼ਰੂਰ ਪੜਿਆ ਕਰੋ ਤੇ ਧਿਆਨ ਨਾਲ ਪੜਿਆ ਕਰੋ ਤਾਂਕਿ ਤੁਹਾਨੂੰ ਸਮਝ ਆ ਜਾਵੇ। ਮੇਰਾ ਮਤਲਬ ਇਹ ਹੈ ਕਿ ਕੋਸ਼ਿਸ਼ ਇਹ ਕਰੋ ਕਿ ਮੈਂ ਇੰਨੇ ਧਿਆਨ ਨਾਲ ਪੜ੍ਹਾਂ ਕਿ ਮੈਨੂੰ ਗੁਰਬਾਣੀ ਦੀ ਸਮਝ ਆ ਜਾਵੇ ਕਿਉਂਕਿ ਗੁਰਬਾਣੀ ਸਾਨੂੰ ਇਕ ਪਰੋਸੈਸ ਦੱਸਦੀ ਏ, ਇਕ ਰਸਤਾ ਦੱਸਦੀ ਏ। ਉਸ ਰਸਤੇ ਤੇ ਚਲਕੇ ਹੀ ਆਪਾਂ ਨਾਮ ਨਾਲ ਜੁੜ ਸਕਦੇ ਹਾਂ, ਉਸ ਰਸਤੇ ਤੇ ਹੀ ਚਲਕੇ ਸਾਨੂੰ ਪ੍ਰਤੀਤ ਆ ਸਕਦੀ ਏ ਤਾਂ ਹੀ ਸਾਨੂੰ ਸੁਖ ਮਿਲ ਸਕਦੈ। ਨਾਮ ਵਿਚ, ਮਨ ਲੱਗਣ ਵਿਚ ਸਾਡੀ ਆਪਣੀ ਮੈਂ ਹੁੰਦੀ ਏ, ਸਾਡਾ ਆਪਣਾ ਹੰਕਾਰ ਹੁੰਦਾ ਏ।* ***"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ"।*** *ਆਪਾਂ ਕੋਸ਼ਿਸ਼ ਕਰੀਏ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਮੰਨੀਏ, ਮੰਨ ਸਕੀਏ (ਕਿਰਪਾ ਉਹਨਾਂ ਨੇ ਕਰਨੀ ਏ)*

*ਮੈਂ ਇਕ ਦੋ ਅਨਾਊਂਸਮੈਂਟ ਕਰਨੀਆਂ ਚਾਹਵਾਂਗਾ। ਸੰਤ ਸੁਰਿੰਦਰ ਸਿੰਘ ਨੂੰ ਮੱਧ ਪ੍ਰਦੇਸ ਦਾ ਸੂਬਾ ਬਣਾਇਆ ਜਾਂਦਾ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਸ੍ਰੀ ਭੈਣੀ ਸਾਹਿਬ ਵਿਖੇ 21 ਅਤੇ 22 ਨਵੰਬਰ ਨੂੰ ਮਨਾਇਆ ਜਾਵੇਗਾ। ਜਿਹਦੇ ਵਿਚ ਬਾਕੀ ਪ੍ਰੋਗਰਾਮਾਂ ਤੋਂ ਬਿਨਾਂ ਸੰਗੀਤ ਸੰਮੇਲਨ ਵੀ ਹੋਵੇਗਾ। ਉਸ ਸੰਗੀਤ ਸੰਮੇਲਨ ਵਿਚ ਨਾਮਧਾਰੀ ਸੰਗੀਤਕਾਰਾਂ ਤੋਂ ਬਿਨਾਂ ਕੁਸ਼ਾਲਕਰ ਜੀ ਕਥਕ ਨਿਤ੍ਰ ਕਰਦੇ ਨੇ ਰਾਜੇਂਦਰ ਗੰਗਾਨੀ ਜੀ, ਉਹਨਾਂ ਤੋਂ ਇਲਾਵਾ ਜ਼ਾਕਿਰ ਜੀ, ਫਜ਼ਲ ਜੀ, ਤੌਫੀਕ ਜੀ ਇਹ ਤਿੰਨੋ ਭਰਾ ਵੀ ਇਥੇ ਹਾਜ਼ਰੀ ਦੇਣਗੇ। ਉਸ ਪ੍ਰਕਾਸ਼ ਪੁਰਬ ਦੇ ਟਾਈਮ ਤੇ ਇਕ ਕੈਂਪ ਕੀਤਾ ਜਾ ਰਿਹਾ ਹੈ ਕੈਂਸਰਾਂ ਦੇ ਮਰੀਜਾਂ ਲਈ। ਜਿਹਨਾਂ ਨੇ ਕੈਂਸਰ ਵਾਸਤੇ ਟੈਸਟ ਕਰਾਉਣੇ ਹੋਣ ਉਹ ਇਸ ਚੀਜ਼ ਦਾ ਲਾਭ ਲੈ ਸਕਦੇ ਨੇ। ਇਥੇ ਦੋ ਦਿਨਾਂ ਵਾਸਤੇ ਸ੍ਰੀ ਭੈਣੀ ਸਾਹਿਬ ਕੈਂਪ ਲਾਉਣਗੇ। ਕੈਂਸਰ ਦਾ ਬਾਹਰੋਂ ਟੈਸਟ ਕਰਾਉਣ ਵਿਚ ਕਾਫੀ ਖਰਚਾ ਆਉਂਦਾ ਹੈ। ਉਹ ਦੋ ਦਿਨਾਂ ਵਾਸਤੇ ਇਥੇ ਹੀ ਹੋਵੇਗਾ।*

*ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇਹ ਮੇਲਾ ਨਿਰਵਿਘਨ ਸਮਾਪਤ ਹੋਇਆ ਹੈ। ਜਿਨ੍ਹਾਂ ਮਹੀਨੇ ਵਿਚ ਕਾਫੀ ਸੇਵਾ ਕੀਤੀ ਏ ਉਹ ਤੁਹਾਡੇ ਸਾਹਮਣੇ ਨਹੀਂ ਆਏ। ਉਹਨਾਂ ਪਹਿਰੇ ਵਾਲਿਆਂ ਨੇ ਜਿਹਨਾਂ ਕਈਆਂ ਦੀਆਂ ਮਾੜੀਆਂ ਚੰਗੀਆਂ ਵੀ ਸੁਣੀਆਂ ਨੇ ਉਹਨਾਂ ਨੇ ਬਹੁਤ ਸੇਵਾ ਕੀਤੀ ਏ। ਜੋੜੇ ਘਰ ਵਾਲਿਆਂ ਨੇ ਬਹੁਤ ਸੇਵਾ ਕੀਤੀ। ਲੰਗਰ ਵਿਚ ਸਿੰਘਾਂ ਅਤੇ ਬੀਬੀਆਂ ਜਿਹਨਾਂ ਦਿਨ ਰਾਤ ਸੇਵਾ ਕੀਤੀ ਏ, ਹੋਰ ਕਈ ਜਿਹਨਾਂ ਨੇ ਸੇਵਾ ਕੀਤੀ ਏ। ਜਿਹੜਾ ਪ੍ਰੋਗਰਾਮ ਤੁਸੀਂ ਲਾਈਵ ਵੇਖਦੇ ਹੋ ਉਸਦੀ ਸੇਵਾ ਕੀਤੀ ਏ। ਉਹ ਸਾਰੇ ਸਿੱਖਾਂ ਨੂੰ ਬੀਬੀਆਂ ਨੂੰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦੇ ਇਸ ਦਰਬਾਰ ਵਿਚੋਂ, ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਵਿਚੋਂ ਖੁਸ਼ੀਆਂ ਨੇ ਉਹਨਾਂ ਦਾ ਬਹੁਤ ਬਹੁਤ ਧੰਨਵਾਦ।*

*ਇਕ ਮੈਂ ਅਰਜ਼ ਹੋਰ ਕਰਨੀ ਚਾਹਾਂਵਾਂਗਾ ਕਿ ਸੰਗਤ ਨੇ ਜਾਣਾ ਹੈ। ਤੁਸੀਂ ਸਾਰੇ ਅਰਦਾਸ ਤੋਂ ਬਿਨਾਂ ਨਾ ਤੁਰਿਓ। ਅਰਦਾਸ ਕਰਕੇ ਰਸਤੇ ਵਿਚ ਨਾਮ ਸਿਮਰਨ ਕਰਦੇ ਜਾਓ। ਸੱਚੇ ਪਾਤਸ਼ਾਹ ਨੂੰ ਸਦਾ ਆਪਣੇ ਅੰਗ ਸੰਗਤ ਸਮਝ ਕੇ ਜਾਓ ਕਿਉਂਕਿ* ***"ਤੂੰ ਮਨ ਵਸਿਆ ਤਾ ਲਗੇ ਨਾ ਦੂਖਾ"*** *ਜਦੋਂ ਉਹ ਆਪਣੇ ਨਾਲ ਹੁੰਦੇ ਨੇ ਆਪਾਂ ਨੂੰ ਕਿਸੇ ਪ੍ਰਕਾਰ ਦਾ ਦੁੱਖ ਨਹੀਂ ਹੁੰਦਾ ਤੇ ਦੂਜੀ ਇਹ ਅਰਜ਼ ਬੇਨਤੀ ਹੈ ਕਿ ਪਿਛੇ ਕੋਈ ਇਹੋ ਜਿਹੇ ਐਕਸੀਡੈਂਟ ਹੋਏ ਨੇ, ਜਦੋਂ ਕੋਈ ਐਕਸੀਡੈਂਟ ਹੋ ਜਾਂਦਾ ਹੈ ਤਾਂ ਬੜਾ ਦੁੱਖ ਲਗਦਾ ਹੈ। ਗੱਡੀਆਂ ਕੋਈ ਵੀ ਤੇਜ਼ ਨਾ ਚਲਾਵੇ ਬੜੇ ਧਿਆਨ ਨਾਲ ਜਾਵੋ। ਤੀਸਰੀ ਇਹ ਅਰਜ਼ ਬੇਨਤੀ ਹੈ ਕਿ ਜਿਸ ਤਰ੍ਹਾਂ ਤੁਹਾਨੂੰ ਪਤਾ ਹੀ ਹੈ ਪੰਜਾਬ ਦੇ ਮਾਹੌਲ ਕਰਕੇ ਕਾਫੀ ਜਗ੍ਹਾ ਰੋਲਾ ਪੈ ਗਿਆ ਹੈ, ਤੁਸੀਂ ਇਹ ਪਤਾ ਕਰਕੇ ਜਾਓ ਕਿ ਤੁਸੀਂ ਕਿਸ ਰਸਤੇ ਤੋਂ ਜਾਣਾ ਹੈ। ਤੁਹਾਨੂੰ ਰਸਤੇ ਵਿਚ ਕੋਈ ਰੋਕੇ ਤਾਂ ਉਹਨਾਂ ਦੀ ਗਲ ਸੁਣ ਕੇ ਤੁਸੀਂ ਆਰਾਮ ਨਾਲ ਜਾਓ ਤੇ ਪਿਆਰ ਨਾਲ ਜਾਓ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ ਸਾਰੀ ਸੰਗਤ ਖੁਸ਼ੀ ਖੁਸ਼ੀ ਆਪਣੇ ਘਰ ਪਹੁੰਚੇ। ਇਕ ਵਾਰੀ ਫਿਰ ਸਾਰੀ ਸੰਗਤ ਦਾ ਧੰਨਵਾਦ। ਸੱਚੇ ਪਾਤਸ਼ਾਹ ਕਿਰਪਾ ਕਰਨ ਇਸ ਤਰਾਂ ਹੀ ਉਹਨਾਂ ਦੀ ਸਿੱਖੀ ਵਧਦੀ ਰਹੇ। ਉਹਨਾਂ ਦੀ ਕਿਰਪਾ ਨਾਲ ਇਸ ਤਰ੍ਹਾਂ ਹੀ ਉਹਨਾਂ ਦਾ ਧਰਮ ਵਧਦਾ ਰਹੇ। ਅਸੀਂ ਨਾਮ ਨਾਲ ਜੁੜ ਸਕੀਏ, ਅਸੀਂ ਉਹਨਾਂ ਦੇ ਹੁਕਮ ਮੰਨ ਸਕੀਏ। ਸਤਿ ਸ੍ਰੀ ਅਕਾਲ*

*17 ਅਕਤੂਬਰ 2015, ਸ੍ਰੀ ਭੈਣੀ ਸਾਹਿਬ*

(ਪਿਛਲੇ ਅੰਕ ਦੀ ਬਾਕੀ)

# ਟਰਾਂਟੋ ਦਾ ਜਪ ਪ੍ਰਯੋਗ ਨਿਰਵਿਘਨ ਸੰਪੰਨ



ਟਰਾਂਟੋ ਵਿਖੇ ਜਪ ਪ੍ਰਯੋਗ ਸਮੇਂ ਬੱਚੀਆਂ ਨੂੰ ਸਨਮਾਨਿਤ ਕਰਦੀਆਂ ਬੀਬੀਆਂ।

ਮਾਤਾ ਸਵਰਨ ਕੌਰ ਨੇ ਸਤਿਗੁਰੂ ਤੇ ਨਾਮ ਦੀ ਮਹਿਮਾ ਬੜੇ ਵਿਸਥਾਰ ਨਾਲ ਪੈਂਤੀ ਅੱਖਰੀ ਦੁਆਰਾ ਕੀਤੀ। ਉਪਰੰਤ ਮਸਤਾਨਾ ਰੇਸ਼ਮ ਸਿੰਘ, ਗੁਰਦੀਪ ਸਿੰਘ ਨਾਮਧਾਰੀ, ਹਰਨਾਮ ਸਿੰਘ ਬਾਂਸਲ, ਬੀਬੀ ਰਾਨੀ, ਸੂਬਾ ਗੁਰਦਿਆਲ ਸਿੰਘ ਤੇ ਸੰਤ ਅਜੀਤ ਸਿੰਘ ਲਾਇਲ ਨੇ ਗੁਰ ਉਸਤਤ ਕਰਦਿਆਂ ਆਪਣੀਆਂ ਆਪਣੀਆਂ ਕਵਿਤਾਵਾਂ ਸੁਣਾ ਕੇ ਸਾਧ ਸੰਗਤ ਦੀ ਵਾਹ ਵਾਹ ਖੱਟੀ।

ਸੰਤ ਹਰਪਾਲ ਸਿੰਘ ਭੱਲੀ ਨੇ ਸਟੇਜ ਦੀ ਜ਼ਿੰਮੇਵਾਰੀ ਸੰਭਾਲਦਿਆਂ ਆਖਿਆ ਕਵੀ ਜਨਾਂ ਦਾ ਬਹੁਤ ਬਹੁਤ ਧੰਨਵਾਦ ਜਿਹਨਾਂ ਕਵਿਤਾਵਾਂ ਰਾਹੀਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਹੈ। ਅੱਜ ਨਾਮਧਾਰੀ ਸੰਗਤ ਵਲੋਂ ਬੱਚਿਆਂ, ਨੌਜਵਾਨਾਂ ਤੇ ਲੰਗਰ ਵਿਚ ਸੇਵਾ ਕਰਨ ਵਾਲਿਆਂ ਤੇ ਹੋਰ ਸੇਵਾ ਕਰਨ ਵਾਲਿਆਂ ਨੂੰ ਇਨਾਮ ਦੇ ਕੇ ਅਗਾਂਹ ਲਈ ਇਸੇ ਤਰ੍ਹਾਂ ਸਾਧ ਸੰਗਤ ਵਿਚ ਸੇਵਾ ਕਰਨ ਲਈ ਉਤਸਾਹਿਤ ਕੀਤਾ ਗਿਆ। ਬੱਚੀਆਂ ਤੇ ਬੀਬੀਆਂ ਨੂੰ ਇਨਾਮ ਦੇਣ ਲਈ ਬੀਬੀ ਸਰਬਜੀਤ ਕੌਰ ਨਾਮ ਅਨਾਉਂਸ ਕਰ ਰਹੀ ਸੀ ਅਤੇ ਬੀਬੀ ਸਵਰਨ ਕੌਰ, ਬੀਬੀ ਰਾਣੀ, ਬੀਬੀ ਗੁਰਤੇਜ ਕੌਰ ਤੇ ਬੀਬੀ ਬਿੰਦਰ ਕੌਰ ਇਨਾਮ ਵੰਡ ਕਰਦੀਆਂ ਰਹੀਆਂ।

ਬੱਚਿਆਂ ਤੇ ਨੌਜਵਾਨਾਂ ਨੂੰ ਇਨਾਮ ਦੇਣ ਲਈ ਸੰਤ ਰਣਜੀਤ ਸਿੰਘ ਬਾਜਵਾ, ਸੂਬਾ ਰੇਸ਼ਮ ਸਿੰਘ, ਸੂਬਾ ਗੁਰਦਿਆਲ ਸਿੰਘ, ਹਰਜੀਤ ਸਿੰਘ ਪ੍ਰਧਾਨ ਅਤੇ ਸੁਰਿੰਦਰ ਸਿੰਘ ਵਿਰਦੀ ਖਜਾਨਚੀ ਸਟੇਜ ਤੇ ਸੁਸੋਭਿਤ ਸਨ। ਸੰਤ ਹਰਦਿਆਲ ਸਿੰਘ ਕਲਾਂ ਇਨਾਮ ਲੈਣ ਵਾਲਿਆਂ ਦੇ ਨਾਮ ਅਨਾਉਂਸ ਕਰ ਰਹੇ ਸਨ ਤੇ ਉਪਰੋਕਤ ਸੱਜਣ ਇਨਾਮ ਵੰਡ ਕਰਕੇ ਸਾਬਾਸ਼ ਦੇ ਰਹੇ ਸਨ। ਨੌਜਵਾਨ ਬਲਬੀਰ ਸਿੰਘ ਬੋਬੀ ਨੇ ਆਪਣੀ ਸਪੀਚ ਵਿਚ ਇਥੋਂ ਦੇ ਨੌਜਵਾਨ ਵਰਗ ਨੂੰ ਵਧ ਤੋਂ ਵੱਧ ਨਾਮ ਸਿਮਰਨ ਤੇ ਸੇਵਾ ਕਰਕੇ ਸਤਿਗੁਰੂ ਉਦੈ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ।

11 ਅਕਤੂਬਰ ਦਿਨ ਐਤਵਾਰ ਨੂੰ ਅੰਮ੍ਰਿਤ ਵੇਲੇ 4.30 ਤੋਂ 5.30 ਤਕ ਨਾਮ ਸਿਮਰਨ ਹੋਇਆ ਤੇ ਜਪ ਪ੍ਰਯੋਗ ਦੇ ਸਮਾਪਤੀ ਦੀ ਅਰਦਾਸ ਸੂਬਾ ਰੇਸ਼ਮ ਸਿੰਘ ਨੇ ਕੀਤੀ। ਉਪਰੰਤ ਆਸਾ ਦੀ ਵਾਰ ਦਾ ਕੀਰਤਨ ਸਰਵ ਸੰਤ ਬਲਦੇਵ ਸਿੰਘ, ਗੁਰਮੁਖ ਸਿੰਘ, ਰਤਨ ਸਿੰਘ, ਦਰਸ਼ਨ ਸਿੰਘ, ਜੈ ਸਿੰਘ, ਬਘੇਲ ਸਿੰਘ, ਹਾਕਮ ਸਿੰਘ, ਹਰਨਾਮ ਸਿੰਘ, ਹਰਨਾਮ ਸਿੰਘ ਕਲਾਂ, ਈਸ਼ਰ ਸਿੰਘ, ਦਰਸ਼ਨ ਸਿੰਘ ਬਡਵਾਲ ਅਤੇ ਬਚਨ ਸਿੰਘ ਨੇ ਤੰਤੀ ਸਾਜਾਂ ਨਾਲ ਬਹੁਤ ਵਧੀਆ ਕੀਰਤਨ ਕਰਕੇ ਸਾਧ ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਕੁਝ ਸ਼ਬਦ ਇਸ ਤਰਾਂ ਸਨ–

***–ਗੁਰ ਰਾਮਦਾਸ ਰਾਖਹੁ ਸਰਨਾਈ।***
***–ਤੇਰਾ ਦਿਤਾ ਖਾਵਣਾ***
***ਤੂੰ ਦਾਤਾ ਦਾਤਾਰ।।***
***– ਮੈਂ ਬਉਰੀ ਮੇਰਾ ਰਾਮ ਭਤਾਰ।।***

6 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 2 ਪਾਠ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 3 ਪਾਠ ਬੀਬੀ ਸੁਰਿੰਦਰ ਕੌਰ ਰਾਣੀ ਵਲੋਂ, 1 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਤੇ ਦੋ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, 1 ਪਾਠ ਬੀਬੀ ਜਸਬੀਰ ਕੌਰ ਗੰਭੀਰ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, ਬੀਬੀ ਹਰਬੰਸ ਕੌਰ ਵਲੋਂ 45 ਪਾਠ ਚੌਪਈ ਦੇ, 111 ਪਾਠ ਜੁਪਜੀ ਸਾਹਿਬ ਦੇ ਅਤੇ 31 ਮਾਲਾ ਭਗਉਤੀ ਦੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕੀਤੀਆਂ ਗਈਆਂ। ਬੀਬੀ ਸੁਰਿੰਦਰ ਕੌਰ ਮਣਕੂ ਵਲੋਂ 25 ਮਾਲਾ ਨਾਮ ਸਿਮਰਨ ਤੇ 25 ਮਾਲਾ ਭਗਉਤੀ ਦੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਕੀਤੀਆਂ ਗਈਆਂ। ਸੰਤ ਸੁਰਿੰਦਰ ਸਿੰਘ ਬਿਰਦੀ ਵਲੋਂ 201 ਪਾਠ ਚੌਪਈ ਦੇ, ਬੀਬੀ ਜਸਮੇਲ ਕੌਰ ਵਲੋਂ 30 ਮਾਲਾ ਭਗਉਤੀ ਦੀਆਂ ਅਤੇ ਸੰਤ ਰਣਜੀਤ ਸਿੰਘ ਬਾਜਵਾ ਵਲੋਂ 30 ਮਾਲਾ ਭਗਉਤੀ ਦੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕੀਤੀਆਂ ਗਈਆਂ। ਬੀਬੀ ਗੁਰਮੀਤ ਕੌਰ ਖੀਵਾ ਵਲੋਂ 60 ਮਾਲਾ ਭਗਉਤੀ ਦੀਆਂ, 60 ਪਾਠ ਚੋਪਈ ਦੇ, 40 ਪਾਠ ਜਪੁਜੀ ਸਾਹਿਬ ਦੇ, 40 ਪਾਠ ਅਨੰਦ ਸਾਹਿਬ ਦੇ, 40 ਪਾਠ ਉਗ੍ਰਦੰਤੀ ਦੇ, 40 ਸ਼ਬਦ ਹਜ਼ਾਰੇ ਅਤੇ 40 ਪਾਠ ਬਸੰਤ ਦੀ ਵਾਰ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕੀਤੇ ਗਏ। ਹਰਜੀਤ ਸਿੰਘ ਪ੍ਰਧਾਨ ਵਲੋਂ 50 ਪਾਠ ਚੋਪਈ ਦੇ ਸੰਗਤ ਦੀ ਚੜ੍ਹਦੀ ਕਲਾ ਵਾਸਤੇ ਕੀਤੇ ਗਏ। ਬੀਬੀ ਕਰਮਜੀਤ ਕੌਰ ਵਲੋਂ 29 ਮਾਲਾ ਭਜਨ ਅਤੇ 29 ਮਾਲਾ ਭਗਉਤੀ ਦੀਆਂ ਤੇ ਬੀਬੀ ਇੰਦਰਜੀਤ ਕੌਰ ਵਲੋਂ 27 ਪਾਠ ਸੁਖਮਨੀ ਸਾਹਿਬ ਦੇ 27 ਮਾਲਾ ਭਗਉਤੀ ਦੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕੀਤੀਆਂ ਗਈਆਂ। ਬੀਬੀ ਹਰਜੀਤ ਕੌਰ ਵਲੋਂ 50 ਪਾਠ ਚੋਪਈ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਤੇ ਬੀਬੀ ਬਲਵਿੰਦਰ ਕੌਰ ਵਲੋਂ 401 ਪਾਠ ਚੋਪਈ ਦੇ ਘਰ ਦੀ ਸੁਖ ਸ਼ਾਂਤੀ ਅਤੇ ਗੁਰਸਿਖੀ ਵਾਸਤੇ ਕੀਤੇ ਗਏ। ਨੌਵੇਂ ਮਹੱਲੇ ਦੇ ਸਲੋਕ ਨੌਜਵਾਨ ਹਾਕਮ ਸਿੰਘ, ਦਰਸ਼ਨ ਸਿੰਘ ਪਨੇਸਰ ਤੇ ਬਚਨ ਸਿੰਘ ਨੇ ਪੜੇ ਅਤੇ ਸਮਾਪਤੀ ਦੀ ਅਰਦਾਸ ਸੂਬਾ ਰੇਸ਼ਮ ਸਿੰਘ ਨੇ ਕੀਤੀ।

ਸੰਤ ਹਰਪਾਲ ਸਿੰਘ ਨੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਲੈਣ ਲਈ ਤੇ ਇਸ ਜਪ ਪ੍ਰਯੋਗ ਵਿਚ ਹਿੱਸਾ ਲੈਣ ਲਈ ਸਾਰੀ ਸਾਧ ਸੰਗਤ ਅਤੇ ਸੂਬੇ ਸਾਹਿਬਾਨ, ਨੌਜਵਾਨ ਬੱਚਿਆਂ ਅਤੇ ਹਰ ਰੋਜ਼ ਸਵੇਰੇ, ਸ਼ਾਮ ਲੰਗਰ ਬਣਾਉਣ ਵਾਲੀਆਂ ਬੀਬੀਆਂ ਦਾ ਧੰਨਵਾਦ ਕੀਤਾ।

**–ਗੁਰਦੀਪ ਸਿੰਘ ਨਾਮਧਾਰੀ**

1920 में स्थापित **सतिजुग**

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇਂ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਰਾਵਨ ਸੀ ਬਲਵਾਨ ਕਿ ਧਰਤੀ ਉਤੇ ਜਦ ਸੀ ਤੁਰਦਾ,
ਥਰ ਹਰ ਥਰ ਹਰ ਧਰਤੀ ਕੰਬਦੀ, ਲੋਕੀ ਹੋਣ ਆ ਜਰਦਾ।
ਬੋਲਦਾ ਜਾਂ ਗੁੱਸੇ ਵਿਚ ਆਕੇ ਸ਼ੇਰ ਦੇ ਵਾਂਗੂ ਗੱਜਦਾ,
ਇਸਤਰੀਆਂ ਦੇ ਗਰਭ ਸੀ ਗਿਰਦੇ ਐਸਾ ਧੱਕਾ ਵੱਜਦਾ।

ਕ੍ਰੋਧ 'ਚ ਆਏ ਰਾਵਨ ਨੂੰ ਜਾਂ ਆਉਂਦਾ ਦੇਵਤੇ ਤਕ ਦੇ,
ਝੁਕ ਜਾਂਦੇ ਪਰਬਤ ਦੀ ਕੰਧਵੀ ਭੱਜਦੇ ਭੱਜਦੇ ਥੱਕਦੇ।
ਗਾਲਾਂ ਕੱਢਦਾ ਦੇਵਤਿਆਂ ਨੂੰ ਮੰਦਾ ਹਰਦਮ ਬੋਲੇ,
ਰਈਅਤ ਨੂੰ ਤੰਗ ਕੀਤਾ ਬਹੁਤਾ ਲੋਕਾਂ ਦੇ ਮਨ ਫੋਲੇ।

(ਚਲਦਾ)

# नाम सिमर सिमर सुख पाओ

✍ डा सतवंत कौर मठारु

आध्यात्मिक क्षेत्र में नाम सिमरन ही जीवन की विशेष धूरी है। राम नाम ही जीवन आधार है। सतियुग हो, त्रेता युग हो, द्वापर युग हो या कलयुग हर युग में नाम की महिमा और प्रभु की स्तुति की गई है। धार्मिक शास्त्रों में प्रभु–सिमरन ही जीवन का उद्देष्य माना गया है। प्रभु अस्तित्व से सम्पूर्ण सृष्टि गतिमय है। ईष्वर ही सृष्टि रचयिता हैं। ईष्वर के प्रति आभार प्रकट करना व उसका नाम सिमरन ही मनुश्य का परम धर्म है। ध्रुव व प्रहलाद को अपने जीवन का आधार मानकर जगत में अनोखा उदाहरण प्रस्तुत किया।

आदिकाल से आधुनिक काल तक श्रृषी मुनियों, सन्त फकीरों, पीर पैगम्बरों ने नाम सिमरन पर बल दिया। मध्यकाल में जब भक्ति लहर का उद्भव हुआ, जिसमें कबीर, तुलसीदास, मीराबाई, रविदास, धन्ना जाट तथा अन्य निर्गुण सगुण प्रभु भक्तों ने भक्ति रस में डूबकर अमुल्य साहित्य की रचना की। गुरुओं व सूफी संतों ने परमात्मा की प्राप्ति के लिये नाम सिमरन को माध्यम बनाकर ब्रहम जीव के सम्बन्ध व सृष्टि के रहस्य को समझाया।

**गुरु का स्थान–** नाम रत्नधन की प्राप्ति गुरु या मुर्शिद के बिना नहीं हो सकती। सच्चा गुरु ही साधक को भक्ति का मार्ग दर्शाता है। कलियुग में ईश्वर भक्ति के कई मार्ग हैं। इस युग में नाम सिमरन का माध्यम कीर्तन है जो अति सरल है। साधारण व्यक्ति भी प्रभु भक्ति में जुड़ जाते हैं। कई लोग पूजा, अर्चना, व्रत, पाठ व ध्यान लगाते हैं व प्रभु का गुणगान करते हैं। कुछ व्यक्ति केवल मात्र प्रार्थना से काम चलाते हैं। कुछ व्यक्ति कर्म काण्डों को ईष्वर भक्ति समझते हैं।

**नाम सिमरन का महत्व–** नाम सिमरन से रोग–व्याधि, दुख सन्तापों से मुक्ति मिलती है। सुखों व धन दौलत की प्राप्ति होती है, मनोकामनाएं पूर्ण होती हैं। नाम सिमरन द्वारा साधक पांच खण्डों की यात्रा करके अपने ध्येय की प्राप्ति करता है। सचखण्ड में पहुंचकर उसका प्रमात्मा से साक्षातकार होता है व आनन्द विभोर होकर उसमें लीन हो जाता है। नाम सिमरन से मन का वशीकरण होता है और कामना रहित हो जाता है। सभी बन्धनों से मुक्त है। संसार के आवागमन से उसे मुक्ति मिल जाती है।

नामधारी सम्प्रदाय में नाम सिमरन पर विशेष बल दिया जाता है। यही तप साधना का असल रुप है। श्री सद्गुरु राम सिंह जी ने वाणी अध्यपन के साथ साथ नाम सिमरन का आदेश सभी नामधारियों को दिया। उसी को अपना ध्येय मानकर श्री सद्गुरु प्रताप सिंह जी व श्री सद्गुरु जगजीत सिंह जी स्वंय नाम जपते और जपाते रहे। हाजरा हजूर श्री सद्गुरु उदय सिंह सच्चे पातशाह जी सामूहिक रुप में नाम जपते और संगत को जपाते है। जप प्रयोग के महीने में रात दिन नाम सिमरन होता है। इससे जप साधना का अभ्यास होता है। एकान्त जगलों में भटकने की आवश्यकता नहीं। गृहस्थ में रहकर नाम सिमरन किया जाता है। साधक को सच्चे मन में एकाग्र चित होकर नाम सिमरन करना चाहिये। यही अपने आराध्य देव सद्गुरु राम सिंह जी के दर्शन मात्र व सुखों की प्राप्ति का एक मात्र साधन है। ■

SATJUG

ESTABLISHED IN 1920

# SAVE THE GIRL CHILD

*Today, I was made to leave my blanket of comfort and enter a vacuum of loneliness.*

*Today, my dreams were slaughtered and my world forever peculated.*

*Today, my smile was clawed and laughter throttled.*

*Today, my sun was extinguished and my soul set on fire.*

*Today…I died.*

*NO!*

***I was killed.***

Greetings Dear judges, fellow participants And all those gathered here. Today, with the blessings of Sri Satguru Jagjit Singh ji, who have showered unconditional love upon us, and Sri Satguru Uday Singh Ji, in whose loving hands we lie, I would be honoured to present a speech before you on the topic - save the girl child. I am hoping it will affect each and everyone of you in some way or the other.

It is said that God made mothers because he could not be everywhere himself. Then why are some mothers today defaming his name and this status given to them by him? Don't you love your mother?

Everyone loves hi s/ her mother, everyone wants a wife, everyone enjoys naani's stories and everyone admires daadi. Then why? Why not I? Why are daughters considered omens? Why is the ratio of girls to boys declining?

The dictionary defines female foeticide as the act of aborting a foetus because it is a female. Despite being a heinous sin, the girl child is being killed at an alarming rate due to familial and societal pressure in India and many other countries in the world today.

In India, the number of girls per 1000 boys is just a shocking 943…which may seem small but on the larger scale, that calculates out to be 628.8 million males and just 591.4 million females! Girls have not vanished overnight. Decades of sex determination tests and female foeticide has given India this patriarchal nature, despite being illegal.

We call our nation "Mother" India and are great devotees of Goddesses in various manifestations, but isn't this just sheer hypocrisy? When we struggle financially, we are the greatest devotees of Maa Laxmi, and if we are unsatisfied with our scores, Maa Sarasvati is our savior. Then why is the female that we pretend to worship being denied? The real picture is very different. One may say that we are not to be compared to Goddesses, but is one not eligible to be contrasted with another one of her own kind? It is mentioned in the Gurbani;

***"Tein hi Durga Saaj Ke Daitaan Da Naas Karaya"***

Meaning, the great Lord Almighty himself created a *female*, the powerful Maa Durga, to destroy demons. India has many such examples of women who have risen from ashes like the phoenix and done the country proud. Our country has had an able prime minister in Smt. Indira Gandhi, and Smt. Pratibha Devisingh Patil, the first female president of India. We have Kalpana Chawla, our first female astronaut, and Bachendri Pal who was the first Indian woman to climb the Mount Everest and raise our heads with Honour. Arunima Sinha was the first Amputee to climb the same height *without* her original legs and of course, our very own Sarojini Naidu, 'The Nightingale of India'. Rani Laxmi Bai fought a battle with a baby on her back and us women, all we are thought capable of is making round chapattis? Mother Teresa is the Idol of not only young girls, but for the entire youth of the world, due to the heights she achieved just because of her thought and convictions. Is it impossible for us to think like her? We Namdhari Sikhs have such a great example set in front of us by Suba Hukmi ji, the first female Suba, who stood in line with all the other Subas, with the same pride and the very same honour. Maata Jeevan Kaur Ji is praised and remembered for her bravery and courage, and even has a renowned place named after her. Then why, on the one hand, do we praise all these women, and on the other mourn the birth of girls?

Saints, Priests, the biggest of personalities, Lord Krishna himself and countless others came on this earth, thanks to women.

***"Ekka mayee jagat Viyai tin chelle parwaan, ikk sansaari, ikk bhandari, ikk laye dibaan."***

This line from the Japji Sahib means that one divine mother, Bhagauti, the *supreme power representing the female form of the Almighty*, gave birth to three deities; the creator, the sustainer and the destroyer. ie, Lord Brahma, Lord Vishnu and Lord Shiva. Then how, despite being well aware of the fact that women are *creators of life*, can her own mother wring her neck even before she opens her eyes? This is evidence showing us that the end of the girl child will only lead to the end of the human race. Is this what we want…for the girl child to become extinct and the human race to diminish? In today's time it has become of great necessity for us all to take a step forward and to help undo this ritual that still persists in many tribes and even cities in India by stopping sex determination tests and start believing in gender equality. We need to spread the word that girls are no different than boys and if given the chance, can attain the same heights, if not better. Although girls are full of talent and of high intellect, their dreams are crushed beneath their rolling pins and swept away with their broomsticks, that too If they get lucky enough to be born into the world!

***"Pritham Bhagauti Simar ke, Guru Nanak Layee Dhiyae"***

We all start off our day by saying this line in the Prayer but do we know what it means?

This phrase means *"initially pray to Bhagauti, then meditate upon Guru Nanak…"*

If we ourselves say everyday, that we primarily pray to the female divinity Bhagauti, even before Guru Nanak Dev Ji himself...then why do we fail to understand the value of women? It is time for us all to realise that by killing the bridge of our future generations we are only forgetting that ***"Every Mother was once a Daughter".***

## DISCOURSE

## SATGURU PARTAP SINGH JI

# BABA BUDHA SINGH JI



Budha Singh went to this Ram Singh's house, but he was not satisfied to meet him, so he asked him if there was another Ram Singh also. The farmer said, "Yes there was one more Ram Singh there" He said, "You might have seen him moving about with his wooden sandals on." The farmer addressed Satguru Ram Singh Ji as insane. Infact all the divine personalities, whenever they appeared on this earth, were termed insane. These spiritual personalities want to put the people on the path of truthfullness and relieve them of superstitions & wasteful customs. People do not understand them and start calling them insanes.

Budha Singh Ji started searching for Satguru Ji. There was a dry pond about a mile from Bhaini Sahib. It had goose berry trees on its banks. Satguru Ji was engrossed in deep meditation at this spot. Budha Singh could ultimately locate him there. He bowed on the feet of Satguru Ji. Satguru Ram Singh Ji then showed Budha Singh all the previous Gurus right from Guru Nanak onwards. Budha Singh was highly impressed. Satguru Ji blessed him with gurmantar and enlightened his soul instantaneously. Budha Singh's soul intermingled with that of the Almighty Lord. He attained spiritual heights.

Budha Singh came back to his village and engrossed himself in deep meditation. While in meditation, Budha Singh one day heard a divine voice saying, "Budha Singh you are pardoned."

Budha Singh replied, "I do not agree."

The Divine voice then said, "If these words are uttered by Satguru Ram Singh."

Budha Singh said, "then I will agree."

**-Transliteration by Sant Singh**

# ਜਪ ਪ੍ਰਯੋਗ ਅਤੇ ਅੱਸੂ ਦਾ ਮੇਲਾ ਸੰਪੰਨ...(ਬਾਕੀ ਸਫਾ 2 ਦੀ)



**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਪਣੇ ਵਿਚਾਰ ਪੇਸ਼ ਕਰਦੀ ਡਾ. ਰੇਨੂੰ ਦ੍ਵਿਵੇਦੀ (ਮੁੱਖੀ ਸਤਿਗੁਰੂ ਰਾਮ ਸਿੰਘ ਚੇਅਰ ਬਨਾਰਸ)**

ਮੁਕਤੀ ਪ੍ਰਾਪਤ ਹੁੰਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ- **"ਗੁਰੂ ਦੇ ਹੁਕਮ ਨੂੰ ਮੰਨਣ ਵਾਲਾ ਗੁਰਮੁਖ ਤੇ ਮਨ ਦੇ ਆਖੇ ਲਗਨ ਵਾਲਾ ਮਨਮੁਖੀਆ ਹੈ। ਜਿਹੜਾ ਦੁੱਖ ਮਨਮੁੱਖ ਭੋਗਦਾ ਹੈ, ਪਰ ਗੁਰਮੁਖ ਮਾਸਾ ਜਿਹਾ।" ਜਿਸ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਪਹਿਨਾਵਾ ਪਾਇਆ ਹੋਇਆ ਹੈ ਸਤਿਗੁਰੂ ਨੇ ਉਸਨੂੰ ਤੱਤੀ ਵਾ ਨਹੀਂ ਲਗਣ ਦਿੱਤੀ। - ਜਾ ਤੂੰ ਮੇਰਾ ਹੋਇ ਰਹੇ ਸਭ ਜਗ ਤੇਰਾ ਹੋਇ"** ਗੁਰੂ ਦਾ ਖੌਫ ਹਰਦਮ ਰੱਖਣਾ ਚਾਹੀਦਾ ਹੈ। ਸਤਿਗੁਰੂ ਕਿਸੇ ਦਾ ਉਧਾਰ ਨਹੀਂ ਰਖਦਾ। ਸਤਿਗੁਰੂ ਦੀ ਬਖਸ਼ਿਸ਼ ਨਾਲ ਜੋ ਪ੍ਰਾਪਤ ਹੁੰਦਾ ਹੈ ਉਹ ਉਸ ਦੀ ਬਖਸ਼ਿਸ਼ ਹੁੰਦੀ ਹੈ। ਸਾਨੂੰ ਹਰ ਰੋਜ਼ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ, ਬਖਸ਼ਿਸ਼ ਮੰਗਣੀ ਚਾਹੀਦੀ ਹੈ।

**ਦਿਨ ਦੇ ਦਿਵਾਨ-** ਅੱਜ ਦੇ ਦਿਵਾਨਾਂ ਵਿਚ ਜਥੇਦਾਰ ਜੁਗਿੰਦਰ ਸਿੰਘ ਬਾਜਵਾ, ਜਥੇਦਾਰ ਇਕਬਾਲ ਸਿੰਘ ਅੰਮ੍ਰਿਤਸਰ ਕਲਾਂ,, ਜਥੇਦਾਰ ਪਿਆਰਾ ਸਿੰਘ, ਰਾਗੀ ਮਨਜੀਤ ਸਿੰਘ ਦਿੱਲੀ, ਜਥੇਦਾਰ ਗੁਰੂਬਚਨ ਸਿੰਘ ਵੀਰੋਕੇ ਨੇ ਹੱਲੇ ਦੇ ਦਿਵਾਨ ਸਜਾਏ। ਜਥੇਦਾਰ ਸੰਤੋਖ ਸਿੰਘ ਸਾਜਨ ਨੇ-

***ਮੋਹਿ ਮਰਣੈ ਕਾ ਚਾਉ ਹੈ।।***
***ਮਰਊ ਤਾ ਹਰਿ ਕੇ ਦੁਆਰ।।***

**ਕਵੀਸ਼ਰ ਰਵੇਲ ਸਿੰਘ** ਦੇ ਨਾਲ ਵਲਟੋਹੇ ਵਾਲਾ ਜਥਾ ਕਵੀਸ਼ਰ ਗੁਰਸੇਵਕ ਸਿੰਘ, ਦਿਲਬਾਗ ਸਿੰਘ ਨੇ ਛੰਦਾ ਬੰਦੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਦਾ ਪ੍ਰਸੰਗ ਸੁਣਾਇਆ।

*ਦੇ ਕੇ ਬਿਆਨ ਮੰਨ ਲਵਾਂ*
*ਕੇਸ ਨੂੰ ਦੇਵਾਂ ਗ੍ਰਿਫਤਾਰੀਆਂ।*
*ਦੇਸਾਂ ਵਾਲੇ ਤੁਰ ਚਲੇ ਪ੍ਰਦੇਸ ਨੂੰ*
*ਕਰਕੇ ਤਿਆਰੀਆਂ।*

**ਕਾਕਾ ਯੁਵਰਾਜ ਸਿੰਘ** ਨੇ ਹੱਲੇ ਦਾ ਦਿਵਾਨ ਸਜਾਇਆ। ਧਾਰਨਾ ਸੀ-

*ਡੰਡਉਤ ਬੰਦਨਾ ਗੁਰਾਂ ਨੂੰ ਮੇਰੀ।*

**ਨਿਤਨੇਮ ਤੇ ਕੀਰਤਨ-**

ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਨਿਤਨੇਮ ਦੀ ਅਰਦਾਸ ਹੋਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਨ ਕੀਤਾ ਗਿਆ। ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਕੀਰਤਨ ਗਾਇਨ ਕੀਤਾ। ਸ਼ਬਦ ਸੀ-

*ਪਿਰ ਦੇਖਣ ਕੀ ਆਸ*
*ਆਸ ਲਗ ਜੀਵਾਂ ਪਿਆਰਿਆ।*

ਅੱਜ ਮੇਲੇ ਦਾ ਆਖਰੀ ਦਿਨ ਕੁਝ ਮਹਾਨ ਹਸਤੀਆਂ ਦਾ ਮਾਨ ਸਨਮਾਨ ਕੀਤਾ ਜਾਣਾ ਸੀ।

**ਸ਼ਹੀਦ ਲਹਿਣਾ ਸਿੰਘ ਯਾਦਗਾਰੀ ਸਨਮਾਨ-**

ਇਸ ਵਾਰੀ ਡਾ. ਰੇਨੂੰ ਦ੍ਵਿਵੇਦੀ ਬਨਾਰਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਚੇਅਰ (ਯੂਨੀਵਰਸਿਟੀ) ਵਿਚ ਡਾਇਰੈਕਟਰ ਹਨ। ਉਹਨਾਂ ਨੂੰ ਸੰਤ ਸੁਲੱਖਣ ਸਿੰਘ, ਪ੍ਰੋ. ਤਾਰਾ ਸਿੰਘ ਅਨਜਾਣ ਨਾਲ ਲੈ ਕੇ ਆਏ। ਸ੍ਰੀ ਸਤਿਗੁਰੂ ਜੀ ਨੇ ਸ਼ਹੀਦ ਲਹਿਣਾ ਸਿੰਘ ਯਾਦਗਾਰੀ ਸਨਮਾਨ ਦੇ ਕੇ ਸਨਮਾਨਤ ਕੀਤਾ। ਡਾ. ਰੇਨੂੰ ਨੇ ਪੀ. ਐਚ. ਡੀ. ਕੀਤੀ ਹੋਈ ਹੈ। ਉਹ ਬੱਚਿਆਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਸਿਖਿਆ ਦੇ ਰਹੇ ਹਨ। ਡਾ. ਸਾਹਿਬ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਏ।

ਨੌਜਵਾਨ ਤਜਿੰਦਰ ਸਿੰਘ ਨੇ ਨਵੀਂ ਵੈਬਸਾਈਟ ਲਾਂਚ ਕੀਤੀ। ਸੰਤ ਸੁਖਵੀਰ ਸਿੰਘ, ਸਾਹਿਬਦੀਪ ਸਿੰਘ ਤੇ ਸਾਹਿਬ ਕੌਰ ਮੋਹਾਲੀ ਦੀ 'ਸਭ ਕੁਝ ਤੂੰ ਹੀ ਤੂੰ' ਵੈਬਸਾਈਟ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਲਾਂਚ ਕੀਤੀ। ਜਿਹੜੇ 15 ਸਾਲ ਤੱਕ ਦੇ ਬੱਚਿਆਂ ਦਾ ਮੁਕਾਬਲਾ ਕਰਵਾਇਆ, ਉਹਨਾਂ ਚੋਂ ਪਹਿਲੇ ਦਰਜੇ ਤੇ ਆਏ ਬੱਚਿਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਅਸ਼ੀਰਵਾਦ ਦਿੱਤਾ

**ਡਾ. ਰੇਨੂੰ ਦ੍ਵਿਵੇਦੀ ਬਨਾਰਸ ਯੂਨੀਵਰਸਿਟੀ-** ਨੇ ਕਿਹਾ ਕਿ ਮੈਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਕੰਮ ਕੀਤਾ ਹੈ। ਇਸ ਪੰਥ ਨਾਲ ਜੁੜਨਾ ਬਹੁਤ ਵਧੀਆ ਹੈ ਇਹ ਸਨਾਤਨ ਧਰਮ ਦੀ ਕੜੀ ਹੈ। ਅਜ ਹਰ ਇਕ ਵਿਅਕਤੀ ਦੂਰ ਹੁੰਦਾ ਜਾ ਰਿਹਾ ਹੈ। ਆਪਣੇ ਅੰਦਰ ਅਧਿਆਤਮਿਕ ਦੀ ਜੋਤ ਜਗਾਈ ਹੈ। ਨਸ਼ਾ ਵਧਦਾ ਜਾ ਰਿਹਾ ਹੈ, ਇਸ ਦਾ ਧਿਆਨ ਕੀਤਾ ਜਾ ਸਕਦਾ ਹੈ। ਇਹ ਪੰਥ ਦੋਨਾਂ ਨੂੰ ਜੋੜਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਚੇਅਰ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਹੈ, ਮੈਂ ਸਤਿਗੁਰੂ ਰਾਮ ਸਿੰਘ ਚੇਅਰ ਤੇ ਬੈਠਦੀ ਹਾਂ। ਮੈਂ ਵਿਦਿਆ ਲੇਖਾਂ ਰਾਹੀਂ, ਗਲਾਂਬਾਤਾਂ ਰਾਹੀਂ ਪ੍ਰਤੀਯੋਗਤਾ ਕਰਵਾਉਂਦੀ ਹਾਂ, ਇਥੇ ਹਰ ਇਕ ਦੀ ਆਉਣ ਦੀ ਇਛਾ ਹੈ ਪਰ ਆ ਨਹੀਂ ਸਕਦੇ। ਉਥੋਂ ਦੇ ਲੋਕਾਂ ਨੂੰ ਤਸਵੀਰਾਂ ਦਿਖਾਉਂਦੀ ਹਾਂ, ਖੁਸ਼ ਹੁੰਦੇ ਹਨ। ਇਥੇ ਸਾਦੇ ਵਿਆਹ ਹੁੰਦੇ ਹਨ, ਉਥੋਂ ਦੇ ਲੋਕਾਂ ਨੂੰ ਜਾਣੂੰ ਕਰਵਾਇਆ ਖੁਸ਼ ਹੁੰਦੇ ਹਨ। ਸ਼ਰਧਾ ਤੇ ਭਾਵਨਾ ਨਾਲ ਸੇਵਾ ਕਰਦੇ ਹਾਂ

**ਕੈਬਨਿਟ ਮੰਤਰੀ ਸ. ਸ਼ਰਨਜੀਤ ਸਿੰਘ ਢਿਲੋਂ-** ਨੇ ਕਿਹਾ ਕਿ ਅੱਜ ਬਹੁਤ ਹੀ ਖੁਸ਼ੀਆਂ ਭਰਿਆ ਦਿਹਾੜਾ ਹੈ। ਅਸੀਂ ਦੇਸ ਦੇ ਕੋਨੇ ਕੋਨੇ ਤੋਂ ਆਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠੇ ਹਾਂ, ਦਰਸ਼ਨ ਕਰ ਰਹੇ ਹਾਂ। ਮੈਂ ਸਮੁੱਚੀ ਨਾਮਧਾਰੀ ਸਾਧ ਸੰਗਤ ਦਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਸੰਤ ਸੁਰਿੰਦਰ ਸਿੰਘ ਨਾਮਧਾਰੀ ਰਾਹੀਂ ਮੈਨੂੰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਨਾਮਧਾਰੀ ਬੜੇ ਲੰਮੇ ਸਮੇਂ ਤੋਂ ਜਪ ਪ੍ਰਯੋਗ ਚਲਾ ਰਹੇ ਹਨ। ਇਹ ਨਾਮ ਸਿਮਰਨ ਕਰਨਾ ਨਾਮਧਾਰੀਆਂ ਦੇ ਹੀ ਹਿੱਸੇ ਆਇਆ ਹੈ। ਇਸ ਤਰ੍ਹਾਂ ਦੇ ਜਪ ਪ੍ਰਯੋਗ ਹੋਰ ਕਿਤੇ ਨਜ਼ਰ ਨਹੀਂ ਆਉਂਦੇ। ਸਾਨੂੰ ਸਾਰਿਆਂ ਨੂੰ ਸਰਬਤ



**ਸ੍ਰੀ ਸਤਿਗੁਰੂ ਜੀ ਪ੍ਰੋਗਰਾਮ 'ਸਭ ਕੁਝ ਤੂੰ ਹੀ ਤੂੰ' ਵਿਚ ਅਵੱਲ ਆਏ ਨੌਜਵਾਨ ਨੂੰ ਸਨਮਾਨਿਤ ਕਰਦੇ ਹੋਏ।**

ਦਾ ਭਲਾ ਮੰਗਣਾ ਚਾਹੀਦਾ ਹੈ। ਇਸ ਸੰਸਥਾ ਨੇ ਦੇਸ਼ ਆਜ਼ਾਦ ਕਰਾਉਣ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਇਹ ਸੰਸਥਾ ਗਰੀਬ ਪਰਿਵਾਰਾਂ ਦੀ ਮਦਦ ਕਰਦੀ ਹੈ। ਬਹੁਤ ਕੁਝ ਕਿਹਾ ਜਾ ਸਕਦਾ ਹੈ। ਸਾਡੀ ਸਰਕਾਰ ਸਦਾ ਇਹਨਾਂ ਦੀ ਰਿਣੀ ਰਹੇਗੀ। ਜੋ ਹੁਕਮ ਮਿਲੇਗਾ ਉਸਨੂੰ ਸਰਕਾਰ ਮੰਨਣ ਲਈ ਤਿਆਰ ਹੈ। ਉਨਾਂ ਕਿਹਾ ਕਿ ਅੱਜ ਸ. ਸਿਕੰਦਰ ਸਿੰਘ ਮਲੂਕਾ ਨੇ ਆਉਣਾ ਸੀ ਪਰ ਕੁਝ ਕਾਰਨਾ ਕਰਕੇ ਉਹ ਨਹੀਂ ਆ ਸਕੇ। ਉਹਨਾਂ ਦੀ ਹਾਜ਼ਰੀ ਵੀ ਚਰਨਾਂ 'ਚ ਪ੍ਰਵਾਨ ਕਰ ਲੈਣੀ।

**ਅਸ਼ੀਰਵਾਦ-** ਸ੍ਰੀ ਸਤਿਗੁਰੂ ਜੀ ਨੇ ਸ. ਸ਼ਰਨਜੀਤ ਸਿੰਘ ਢਿਲੋਂ ਕੈਬਨਿਟ ਮੰਤਰੀ ਪੰਜਾਬ, ਸ. ਭਾਗ ਸਿੰਘ ਮਾਨਗੜ੍ਹ, ਸ. ਤੇਜਵੀਰ ਸਿੰਘ ਡੀ. ਐਸ. ਪੀ. ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ।। ਇਸ ਤੋਂ ਬਾਅਦ ਬੀਬੀ ਰਜਿੰਦਰ ਕੌਰ ਨੇ ਇਕ ਕਵਿਤਾ ਪੇਸ਼ ਕੀਤੀ-

*ਜੋ ਦਰ ਦਰ ਫਿਰਦਾ ਹੈ*
*ਉਸਨੂੰ ਖੈਰ ਨਹੀਂ ਮਿਲਦੀ।*

ਇਸ ਦੇ ਨਾਲ ਸ਼ਾਮ ਦਾ ਪ੍ਰੋਗਰਾਮ ਸਮਾਪਤ ਹੋਇਆ।

**ਰਾਤ ਦੇ ਦਿਵਾਨ-** ਅੱਜ ਮੇਲੇ ਦੇ ਆਖਰੀ ਦਿਨ ਰਾਤ ਦੇ ਦਿਵਾਨਾਂ ਵਿਚ ਜਥੇਦਾਰ ਸੁਰਿੰਦਰ ਸਿੰਘ ਸਸਰਾਲੀ, ਜਥੇਦਾਰ ਹਰਪਾਲ ਸਿੰਘ,ਜਥੇਦਾਰ ਸਰਬਜੀਤ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਨਿਸ਼ਾਨ ਸਿੰਘ ਦਿੱਲੀ, ਜਥੇਦਾਰ ਜਸਬੀਰ ਸਿੰਘ ਖਿਆਲਾ, ਸੂਬਾ ਅਜੀਤ ਸਿੰਘ ਬਟਾਲਾ, ਜਥੇਦਾਰ ਹਰਪ੍ਰੀਤ ਸਿੰਘ ਪਾਨੀਪਤ, ਸੂਬਾ ਸੰਦੀਪ ਸਿੰਘ ਕਰੀਵਾਲਾ, ਜਥੇਦਾਰ ਸਾਧਾ ਸਿੰਘ ਮੰਡੀ, ਜਥੇਦਾਰ ਜਸਵੰਤ ਸਿੰਘ ਨੇ ਹੱਲੇ ਦੇ ਦਿਵਾਨ ਸਜਾਏ। ਜਥੇਦਾਰ ਜਸਵਿੰਦਰ ਸਿੰਘ ਭਿੰਡਰ ਨੇ ਧਾਰਨਾ ਲਾਈ-

***ਤੁਧੁ ਬਿਨੁ ਦੂਜਾ ਨਾਹੀ ਕੋਇ***
***ਤੂੰ ਕਰਤਾਰ ਕਰਹਿ ਸੋ ਹੋਇ।।***

**ਸੂਬਾ ਮੋਹਕਮ ਸਿੰਘ ਸ੍ਰੀ ਭੈਣੀ ਸਾਹਿਬ** ਨੇ ਦਿਵਾਨ ਸਜਾਇਆ, ਉਹਨਾਂ ਨੇ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਸੰਗ ਸੁਣਾਇਆ ਧਾਰਨਾ ਸੀ-

*ਉਨੇ ਹੈ ਨਹੀਂ ਅਸਮਾਨ ਵਿਚ ਤਾਰੇ*
*ਜਿੰਨਿਆਂ ਨੂੰ ਤੂੰ ਤਾਰਿਆ।*

**ਜਥੇਦਾਰ ਪਾਲਾ ਸਿੰਘ** ਨੇ ਧਾਰਨਾ-

***ਸਗਲ ਪਦਾਰਥ ਤਿਸੁ ਮਿਲੈ***
***ਜਿਸ ਗੁਰ ਡਿਠਾ ਜਾਇ।।***

ਲਾ ਕੇ ਦਿਵਾਨ ਸਜਾਇਆ।

ਅੱਜ ਦੀ ਵਿਸ਼ੇਸ਼ ਗੱਲ ਸੀ ਕਿ ਅੱਜ ਸਤਿਗੁਰੂ ਹਰੀ ਸਿੰਘ ਜੀ ਦਾ ਅਵਤਾਰ ਦਿਵਸ ਸੀ। ਅੱਜ ਜਥੇਦਾਰਾਂ ਨੇ ਉਹਨਾਂ ਦੇ ਜੀਵਨ ਤੇ ਚਾਨਣਾ ਪਾਇਆ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਨਣ ਕੀਤਾ।। ਅੱਜ ਰਾਤ 2.30 ਤਕ ਦਿਵਾਨ ਦਾ ਪ੍ਰਵਾਹ ਚਲਦਾ ਰਿਹਾ।


## ਮੇਲੇ ਦਾ ਆਖਰੀ ਦਿਨ
## 17 ਅਕਤੂਬਰ 2015

ਅੱਜ ਮਹੀਨਾ ਭਰ ਚਲੇ ਜਪ ਪ੍ਰਯੋਗ ਤੇ ਅੱਸੂ ਦੇ ਮੇਲੇ ਦਾ ਆਖਰੀ ਦਿਨ ਸੀ। ਅੱਜ ਕੱਤਕ ਮਹੀਨੇ ਦੀ ਸੰਗਰਾਂਦ ਵੀ ਸੀ। ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸਰਵ ਸੰਤ ਹਰਬੰਸ ਸਿੰਘ, ਦਵਿੰਦਰ ਸਿੰਘ, ਸਰਮੁਖ ਸਿੰਘ, ਵੀਰਪਾਲ ਸਿੰਘ, ਗੁਰਸਰਨ ਸਿੰਘ, ਅਜੇਪਾਲ ਸਿੰਘ, ਗਿਆਨ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਵੀ ਆਸਾ ਦੀ ਵਾਰ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ।ਅੱਜ ਅਨੰਦ ਕਾਰਜ ਵੀ ਹੋਣੇ ਸਨ। ਸੰਗਤਾਂ ਇਸ਼ਨਾਨ ਪਾਣੀ ਕਰਕੇ ਜਲਦੀ ਜਲਦੀ ਵਾਰ ਵਿਚ ਪਹੁੰਚ ਰਹੀਆਂ ਸਨ। ਤਾਂਕਿ ਕੋਈ ਵੀ ਪ੍ਰਾਣੀ ਇਸ ਵੱਡਮੁਲੇ ਸਮੇਂ ਤੋਂ ਵਾਂਝਾ ਨਾ ਰਹਿ ਸਕੇ। ਸਿੰਘਾਂ ਤੇ ਬੀਬੀਆਂ ਦੀਆਂ ਕਤਾਰਾਂ ਲੰਬੀਆਂ ਲਗੀਆਂ ਹੋਈਆਂ ਸਨ, ਦੂਰ ਦੂਰ ਤਕ ਸੰਗਤਾਂ ਦਾ ਮਹਾਨ ਇਕਠ ਸੀ। ਇਸ ਮਹਾਨ ਇਕੱਠ ਨੂੰ ਦੂਰਦਰਸ਼ਨ ਦਿਸ਼ਾ ਟੀ.ਵੀ. ਚੈਨਲ ਰਾਹੀਂ ਦੂਰ ਦੁਰਾਡੇ ਸੰਗਤਾਂ ਨੂੰ ਨਾਲੋ ਨਾਲ ਦਿਖਾਇਆ ਜਾ ਰਿਹਾ ਸੀ। ਜਿਉਂ ਜਿਉਂ ਸੂਰਜ ਦਾ ਚਾਨਣਾ ਹੋ ਰਿਹਾ ਸੀ ਮੇਲੇ ਦੀ ਸਮਾਪਤੀ ਨਜ਼ਦੀਕ ਆ ਰਹੀ ਸੀ।

ਅਨੰਦ ਕਾਰਜਾਂ ਵਾਸਤੇ ਹਵਨ ਆਰੰਭ ਕੀਤਾ ਗਿਆ। ਲੜਕੇ ਤੇ ਲੜਕੀਆਂ ਨੂੰ ਤਰਤੀਬਵਾਰ ਕਤਾਰਾਂ ਵਿਚ ਬਿਠਾ ਕੇ ਅੰਮ੍ਰਿਤ ਛਕਾਇਆ ਗਿਆ। ਆਸਾ ਦੀ ਵਾਰ ਦਾ ਭੋਗ ਪਾਇਆ ਗਿਆ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਪ੍ਰਕਾਸ਼ ਕੀਤੀਆਂ ਗਈਆਂ।

**ਲਾਵਾਂ-** ਸੰਤ ਬਲਕਾਰ ਸਿੰਘ ਕਨੇਡਾ ਵਾਲਿਆਂ ਨੇ ਛੋਟੇ ਛੋਟੇ ਬੱਚਿਆਂ ਨੂੰ ਲਾਵਾਂ ਤੇ ਨੌਵੇ ਮਹੱਲੇ ਦੇ ਸਲੋਕ ਅਤੇ ਥੋੜੇ ਜਿਹੇ ਵੱਡੇ ਬੱਚਿਆਂ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਲੋਕ ਪੜਨ ਵਾਸਤੇ ਤਿਆਰ ਕੀਤਾ ਹੋਇਆ ਸੀ। ਇਸ ਸਮੇਂ 12 ਅਨੰਦ ਕਾਰਜ ਸੰਪੰਨ ਹੋਏ। ਛੋਟੇ ਛੋਟੇ ਬੱਚਿਆਂ ਨੇ ਲਾਵਾਂ ਤੇ ਸਲੋਕ

**(ਬਾਕੀ ਸਫਾ 7 'ਤੇ)**



**ਕਾਕਾ ਪਿਆਰਾ ਸਿੰਘ, ਕਾਕਾ ਪਵਿੱਤ੍ਰ ਸਿੰਘ ਤੇ ਬੱਚੀ ਪਵਿੱਤ੍ਰ ਕੌਰ (ਕਨੇਡਾ) ਸ਼ਬਦ ਗਾਇਨ ਕਰਦੇ ਹੋਏ।**

# ਜਪ ਪ੍ਰਯੋਗ ਅਤੇ ਅੱਸੂ ਦਾ ਮੇਲਾ ਸੰਪੰਨ...(ਬਾਕੀ ਸਫਾ 6 ਦੀ)



**ਸ੍ਰੀ ਸਤਿਗੁਰੂ ਜੀ ਪਾਸੋਂ 'ਸਭ ਕੁਝ ਤੂੰ ਹੀ ਤੂੰ' ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੀ ਪ੍ਰਤੀਯੋਗੀ ਇਨਾਮ ਪ੍ਰਾਪਤ ਕਰਦੀ ਹੋਈ।**

ਪੜੇ। ਇਸ ਸਮੇਂ ਸਧਾਰਨ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ।

**ਜੋੜਿਆਂ ਦੀ ਸੇਵਾ-** ਹਰ ਸਾਲ ਦੀ ਤਰ੍ਹਾਂ ਦਿੱਲੀ ਦਾ ਜਥਾ

**ਸਤਿਜੁਗ ਦਫਤਰ-** ਸੰਤ ਗੁਰਜੀਤ ਸਿੰਘ, ਸੰਤ ਜਸਵੰਤ ਸਿੰਘ, ਸੰਤ ਹਾਕਮ ਸਿੰਘ

**ਵਰਿਆਮ-**ਸੰਤ ਜਗਦੀਸ਼ ਸਿੰਘ ਵਰਿਆਮ ਤੇ ਸਾਥੀ।

**ਦਿਸ਼ਾ ਟੀ. ਵੀ. ਚੈਨਲ ਤੇ ਸਿੱਧਾ ਪ੍ਰਸਾਰਣ-** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਫਿਰ ਇਸ ਵਾਰ ਵੀ ਆਸਾ ਦੀ ਵਾਰ ਦਾ ਸਿੱਧਾ ਪ੍ਰਸਾਰਣ ਰੀਲੇਅ ਕਰਨ ਦਾ ਹੁਕਮ ਕੀਤਾ। ਮੇਲੇ ਭਰ ਹਰ ਰੋਜ਼ ਸਵੇਰੇ 4 ਤੋਂ 6 ਵਜੇ ਤਕ ਦਿਸ਼ਾ ਟੀ. ਵੀ. ਚੈਨਲ ਤੋਂ ਲਾਈਵ ਪ੍ਰੋਗਰਾਮ ਦਿਖਾਇਆ ਗਿਆ। ਇਸ ਦੇ ਪ੍ਰਸਾਰਣ ਦਾ ਦੇਸ਼ਾਂ ਵਿਦੇਸ਼ਾਂ ਵਿਚ ਬੈਠੀ ਸਾਧ ਸੰਗਤ ਨੇ ਭਰਪੂਰ ਅਨੰਦ ਮਾਣਿਆ।

**ਮੈਡੀਕਲ ਕੈਂਪ-** ਸ੍ਰੀ ਸਤਿਗੁਰੂ ਜੀ ਨੇ ਪਿਛਲੇ ਮੇਲੇ ਤੇ ਵੀ ਕ੍ਰਿਪਾ ਕੀਤੀ ਸੀ। ਤਿੰਨ ਦਿਨ ਦਾ ਮੈਡੀਕਲ ਕੈਂਪ ਅਪੋਲੋ ਹਸਪਤਾਲ ਵਲੋਂ ਲਾਇਆ ਗਿਆ ਸੀ। ਇਸ ਵਾਰ ਵੀ ਦੋ ਦਿਨ ਦਾ ਮੈਡੀਕਲ ਚੈਕਅੱਪ ਕੈਂਪ ਲਾਇਆ ਗਿਆ। ਜਿਸ ਵਿਚ ਡਾਕਟਰਾਂ ਨੇ ਵੱਡੀ ਗਿਣਤੀ ਵਿਚ ਸੰਗਤਾਂ ਦਾ ਮੈਡੀਕਲ ਚੈਕਅੱਪ ਕੀਤਾ। ਜਿਸ ਵਿਚ ਹੇਠਾਂ ਲਿਖੇ ਡਾਕਟਰਾਂ ਨੇ ਚੈਕਅੱਪ ਕੀਤਾ-

ਡਾ. ਨਰਿੰਦਰ ਸਿੰਘ ਬੈਂਕਾਕ, ਡਾ. ਬਖਸ਼ੀਸ਼ ਸਿੰਘ ਅਪੋਲੋ ਹਸਪਤਾਲ ਅਤੇ ਸਾਥੀ ਡਾਕਟਰ ਸਾਹਿਬਾਨ।

**ਅੰਮ੍ਰਿਤ ਛਕਾਉਣ ਦੀ ਸੇਵਾ-** ਸੰਤ ਮਹਿੰਦਰ ਸਿੰਘ

**ਅਖੰਡ ਪਾਠ ਦੀ ਸੇਵਾ-** ਸੰਤ ਬਲਵੀਰ ਸਿੰਘ ਸ੍ਰੀ ਭੈਣੀ ਸਾਹਿਬ, ਸੰਤ ਸਰਦੂਲ ਸਿੰਘ ਦੀ ਨਿਗਰਾਨੀ ਹੇਠ ਅਖੰਡ ਪਾਠਾਂ ਦਾ ਪ੍ਰਵਾਹ ਚਲਦਾ ਰਿਹਾ ਜਿਸ ਵਿਚ ਪਾਠੀਆਂ ਸਿੰਘਾਂ ਨੇ ਅਖੰਡ ਪਾਠ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਹੁਣ ਅਖੰਡ ਪਾਠਾਂ ਦਾ ਪ੍ਰਬੰਧ ਸੰਤ ਬਲਵੀਰ ਸਿੰਘ ਸ੍ਰੀ ਭੈਣੀ ਸਾਹਿਬ ਵਾਲੇ ਦੇਖਣਗੇ।

**ਸਵਾ ਲੱਖ ਪਾਠ-** ਸੰਤ ਗੁਰਦਿਆਲ ਸਿੰਘ ਚੀਮਾ ਰਾਇਸਰ ਵਾਲੇ ਆਪਣੇ ਦਫਤਰ ਵਿਚ ਸਵਾ ਲੱਖ ਪਾਠਾਂ ਦਾ ਹਿਸਾਬ ਕਿਤਾਬ ਕਰਦੇ ਰਹੇ। ਉਹਨਾਂ ਦੇ ਨਾਲ ਸੰਤ ਦਰਸ਼ਨ ਸਿੰਘ ਯੂ. ਪੀ. ਤੇ ਸੰਤ ਸਤਪਾਲ ਸਿੰਘ ਮੰਡੀ ਵਾਲੇ ਸਾਥ ਦਿੰਦੇ ਰਹੇ।

**ਲੰਗਰ ਦਾ ਪ੍ਰਬੰਧ-** ਲੰਗਰ ਦਾ ਪ੍ਰਬੰਧ ਬਹੁਤ ਵਧੀਆ ਢੰਗ ਨਾਲ ਕੀਤਾ ਹੋਇਆ ਸੀ। ਦਿੱਲੀ ਦਾ ਜਥਾ ਤਨ ਤੇ ਮਨ ਨਾਲ ਸੇਵਾ ਕਰ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਵੱਖ ਵੱਖ ਤਰਾਂ ਦੇ ਪਕਵਾਨਾਂ ਨਾਲ ਲੰਗਰ ਤਿਆਰ ਹੁੰਦਾ ਰਿਹਾ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸੋਧੀ ਸਿੰਘਾਂ ਤੇ ਬੀਬੀਆਂ ਨੂੰ ਆਪਣੇ ਕਰ ਕਮਲਾਂ ਨਾਲ ਲੰਗਰ ਵਰਤਾਇਆ।

**ਸਕਿਉਰਟੀ ਦਾ ਪ੍ਰਬੰਧ-** ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਮੇਲੇ ਵਿਚ ਸਕਿਓਰਿਟੀ ਦਾ ਪ੍ਰਬੰਧ ਨਾਮਧਾਰੀ ਸੀਡਜ਼ ਤੇ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੂੰ ਦਿੱਤਾ ਗਿਆ। ਸੰਤ ਗੁਰਮੁਖ ਸਿੰਘ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਹਰਜਿੰਦਰ ਸਿੰਘ ਨੇ ਮਿਲ ਕੇ ਸਕਿਓਰਿਟੀ ਦਾ ਇੰਤਜਾਮ ਬਹੁਤ ਵਧੀਆ ਢੰਗ ਨਾਲ ਕੀਤਾ।

**ਨਾਮਧਾਰੀ ਰਿਸ਼ਤੇ-** ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਰਿਸ਼ਤਿਆਂ ਦੇ ਫਾਰਮ ਭਰੇ ਗਏ। ਸੰਤ ਮੰਗਲਜੀਤ ਸਿੰਘ, ਸੰਤ ਗੁਰਦੇਵ ਸਿੰਘ ਚੀਮਾ ਨੇ ਮਿਲਕੇ ਇਹ ਕਾਰਜ ਕੀਤਾ। ਉਹਨਾਂ ਦੇ ਨਾਲ ਸੰਤ ਕਮਲਜੀਤ ਸਿੰਘ ਨੇ ਸਾਥ ਦਿੱਤਾ।

**ਪਹਿਰੇ ਦੀ ਸੇਵਾ-** ਗੁਰਦੇਵ ਸਿੰਘ ਚੀਮਾ, ਸੰਤ ਨਗਰ ਦਾ ਜਥਾ, ਬੀਬੀ ਸੁਖਜੀਤ ਕੌਰ, ਬੀਬੀ ਅਮਰਜੀਤ ਕੌਰ, ਕੁਲਵੰਤ ਕੌਰ, ਮਨਜੀਤ ਕੌਰ, ਰਾਜ ਕੌਰ, ਬੀਬੀ ਸੋਮਾ।

**ਬਿਜਲੀ ਤੇ ਪਾਣੀ-** ਸੰਤ ਹਰਭਜਨ ਸਿੰਘ, ਸੰਤ ਪਰਗਟ ਸਿੰਘ, ਸੰਤ ਵਰਿਆਮ ਸਿੰਘ।

**ਡੇਰਿਆਂ ਦਾ ਪ੍ਰਬੰਧ-** ਵਿਸ਼ਵ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ। ਸਰਵ ਸੰਤ ਗੁਰਮੁਖ ਸਿੰਘ ਰਹਿਬਰ, ਗੁਰਮੀਤ ਸਿੰਘ ਚਾਨਾ, ਸੁਖਵਿੰਦਰ ਸਿੰਘ ਲਾਇਲ, ਹਰਪਾਲ ਸਿੰਘ ਸੋਧੀ, ਗੁਰਮੀਤ ਸਿੰਘ ਸੋਧੀ, ਗੁਰਦੇਵ ਸਿੰਘ ਚੀਮਾ, ਸਰਬਜੀਤ ਸਿੰਘ, ਹਰਮੀਤ ਸਿੰਘ, ਬਲਵਿੰਦਰ ਸਿੰਘ, ਪੱਪੂ

**ਸਫਾਈ ਦਾ ਪ੍ਰਬੰਧ-** ਨਾਮਧਾਰੀ ਸੀਡਜ਼ ਦੇ ਨੌਜਵਾਨ, ਸ੍ਰੀ ਭੈਣੀ ਸਾਹਿਬ ਦੀ ਸਾਧ ਸੰਗਤ

**ਸਟੇਜ ਦੀ ਸੇਵਾ-** ਸੰਤ ਹਰਪਾਲ ਸਿੰਘ ਸੇਵਕ, ਸੂਬਾ ਬਲਵਿੰਦਰ ਸਿੰਘ

**ਮੇਲੇ ਦੀ ਸੇਵਾ-** ਅੱਸੂ ਦੇ ਮੇਲੇ ਦੀ ਸੇਵਾ ਸਾਧ ਸੰਗਤ ਵਲੋਂ ਮਿਲਕੇ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ। ਸਾਧ ਸੰਗਤ ਦੀ ਮਾਇਆ ਨੂੰ ਕਿਰਤਾਰਥ ਕੀਤਾ। ਸਾਧ ਸੰਗਤ ਦਾ ਇਕੱਠ ਭਰਪੂਰ ਸੀ। ਦੇਸ਼ ਦੇ ਕੋਨੇ ਕੋਨੇ ਤੋਂ ਆਕੇ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕੀਤਾ ਅਤੇ ਮੇਲੇ ਦੀ ਰੌਣਕ ਨੂੰ ਵਧਾਇਆ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਸਾਧ ਸੰਗਤ ਵਿਚ ਇਸ ਤਰ੍ਹਾਂ ਹੀ ਉਦਮ ਬਣਿਆ ਰਹੇ।

**ਸ੍ਰੀ ਸਤਿਗੁਰੂ ਜੀ ਦਾ ਪਵਿੱਤਰ ਉਪਦੇਸ਼-** ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਰਬਤ ਸਾਧ ਸੰਗਤ ਦੇ ਭਲੇ ਲਈ ਆਪਣਾ ਪਵਿੱਤਰ ਉਪਦੇਸ਼ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਸਾਰਿਆਂ ਨੂੰ ਖੁਸ਼ੀਆਂ ਬਖਸ਼ੀਆਂ।

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਮੇਲਾ ਨਿਰਵਿਘਨ ਸਮਾਪਤ ਹੋਇਆ। ਗੁਰੂ ਕਾ ਲੰਗਰ ਅਤੁਟ ਵਰਤਿਆ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਇਹ ਮੇਲੇ ਇਸ ਤਰ੍ਹਾਂ ਹੀ ਲਗਦੇ ਰਹਿਣ ਤੇ ਸਾਧ ਸੰਗਤ ਨੂੰ ਸੇਵਾ ਤੇ ਨਾਮ ਜਪਣ ਦਾ ਬਲ ਬਖਸ਼ਣ।


**-ਗੁਰਦੇਵ ਸਿੰਘ ਚੀਮਾ**

*ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ*

# ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਗੁਰਬਚਨ ਸਿੰਘ ਨਮਿਤ ਭੋਗ



**ਸ੍ਰੀ ਸਤਿਗੁਰੂ ਜੀ ਸੰਤਾਂ ਦੇ ਵੱਡੇ ਪੁੱਤਰ ਸੰਤ ਸੇਵਾ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕਰਦੇ ਹੋਏ।**



ਅਕਾਲ ਪੁਰਖ ਦੀ ਬਣਾਈ ਮਨੁਖਤਾ ਵਿਚ ਹਰ ਇਨਸਾਨ ਦੇ ਹਿੱਸੇ ਕੁਝ ਹੋਰ ਇਨਸਾਨਾਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਆਉਂਦੀ ਹੈ ਜੋ ਕਿ ਅਕਾਲ ਪੁਰਖ ਵਲੋਂ ਉਸ ਮਨੁੱਖ ਨੂੰ ਪਰਿਵਾਰ ਦੇ ਰੂਪ ਵਿਚ ਮਿਲਦੇ ਹਨ। ਇਸ ਚੱਕਰ ਕਰਮ ਨਾਲ ਸਾਰਾ ਸੰਸਾਰ ਬਾਲ ਅਤੇ ਬਿਰਧ ਅਵਸਥਾ ਵਿਚ ਵੀ ਬਿਨਾਂ ਕੁਝ ਕੀਤਿਆਂ ਦਾਣਾ ਪਾਣੀ ਛਕ ਲੈਂਦਾ ਹੈ। ਜਿਹੜਾ ਇਨਸਾਨ ਅਕਾਲ ਪੁਰਖ ਵਲੋਂ ਮਿਲੀ ਜ਼ਿੰਮੇਵਾਰੀ ਨੂੰ ਵਧੀਆ ਨਿਭਾਉਂਦਾ ਹੈ ਸੰਸਾਰ ਵਿਚ ਉਹ ਚੰਗਾ ਇਨਸਾਨ ਮੰਨਿਆ ਜਾਂਦਾ ਹੈ। ਪਰ ਜੇ ਇਸ ਦੇ ਨਾਲ ਉਹ ਇਨਸਾਨ ਆਪਣੀ ਕਿਰਤ ਕਮਾਈ ਵਿਚੋਂ ਦਾਨ-ਪੁੰਨ ਕਰੇ, ਸਤਿਗੁਰੂ ਦੇ ਦੱਸੇ ਮਾਰਗ ਤੇ ਚਲ ਕੇ ਨਾਮ ਜਪੇ, ਸੇਵਾ ਕਰੇ ਤਾਂ ਸਿਖ ਸਮਾਜ ਵਿਚ ਉਸਦਾ ਦਰਜਾ ਸੰਤ ਵਾਲਾ ਹੋ ਜਾਂਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਨਿਵਾਜੇ **ਸੰਤ ਗੁਰਬਚਨ ਸਿੰਘ** ਇਸੇ ਤਰ੍ਹਾਂ ਦਾ ਹੀ ਸਿਖੀ ਸਿਮ੍ਰਧੀ ਭਰਪੂਰ ਜੀਵਨ ਬਤੀਤ ਕਰ ਪਿਛਲੇ ਦਿਨੀ 2 ਸਤੰਬਰ 2015 ਨੂੰ ਅਕਾਲ ਚਲਾਣਾ ਕਰ ਗਏ।

ਸੰਤਾਂ ਦਾ ਜਨਮ ਸੰਨ 1930 'ਚ ਨਾਰੋਵਾਲ ਜ਼ਿਲਾ ਸਿਆਲਕੋਟ ਵਿਖੇ ਪਿਤਾ ਜਥੇਦਾਰ ਸੋਹਨ ਸਿੰਘ ਅਤੇ ਮਾਤਾ ਆਸ ਕੌਰ ਘਰ ਹੋਇਆ ਸੀ। ਜੋ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਤਿਬਚਨੀ ਸਿਖ ਸਨ। ਦੇਸ਼ ਵੰਡ ਤੋਂ ਬਾਅਦ ਜਥੇਦਾਰ ਜੀ ਇਲਾਕਾ ਸ੍ਰੀ ਜੀਵਨ ਨਗਰ ਅਤੇ ਬਾਅਦ ਵਿਚ ਬੀੜ 'ਚ ਰਹੇ ਜਿਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਥੇਦਾਰ ਜੀ ਨੂੰ 8 ਏਕੜ ਜ਼ਮੀਨ ਦੇਣ ਦੀ ਬਖਸ਼ਿਸ਼ ਕੀਤੀ। ਸੰਤ ਗੁਰਬਚਨ ਸਿੰਘ ਜੀ ਕੁਝ ਚਿਰ ਪਿਤਾ ਜਥੇਦਾਰ ਮੋਹਨ ਸਿੰਘ ਨਾਲ ਖੇਤੀਬਾੜੀ ਕੀਤੀ। ਕੁਝ ਚਿਰ ਲਖਨਊ ਅਤੇ ਦਿੱਲੀ ਜਾ ਵਿਹਾਰ ਕੀਤੇ ਅਤੇ ਬਾਅਦ ਵਿਚ ਫਤਿਹਗੜ੍ਹ ਸਾਹਿਬ ਆਣ ਪੱਕਾ ਡੇਰਾ ਕੀਤਾ।

ਸੰਤ ਗੁਰਬਚਨ ਸਿੰਘ ਦਾ ਅਨੰਦ ਕਾਰਜ ਬੀਬੀ ਮਹਿੰਦਰ ਕੌਰ ਨਾਲ ਹੋਇਆ। ਸੰਤਾਂ ਦੇ ਘਰ ਵਾਰੋ ਵਾਰੀ ਪੁੱਤਰਾਂ ਨੇ ਜਨਮ ਲਿਆ ਪਰ ਅਕਾਲ ਪੁਰਖ ਦੀ ਰਜ਼ਾ ਅਨੁਸਾਰ 5 ਲੜਕੇ ਚੜਾਈ ਕਰ ਗਏ। ਸੰਤਾਂ ਨੇ ਆਣ ਉਸ ਵਕਤ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਣ ਅਰਜ ਕੀਤੀ ਤਾਂ ਸਤਿਗੁਰੂ ਜੀ ਹੁਕਮ ਕੀਤਾ ਪੰਜੇ ਹੀ ਦੁਬਾਰਾ ਵਾਪਿਸ ਆਉਣਗੇ। ਸੰਤਾਂ ਦੇ ਘਰ 2 ਪੁਤਰਾਂ ਨੇ ਜਨਮ ਲਿਆ ਤਾਂ ਸੰਤਾਂ ਫਿਰ ਆਣ ਅਰਜ਼ ਕੀਤੀ ਕਿ ਆਪ ਜੀ ਦੀ ਕਿਰਪਾ ਨਾਲ ਦੋ ਪੁਤਰ ਹਨ ਬਸ ਹੁਣ ਲੜਕੀ ਹੀ ਚਾਹੀਦੀ ਹੈ। ਸਤਿਗੁਰੂ ਜੀ ਬਚਨ ਕੀਤਾ ਲੜਕੀ ਵੀ ਹੋ ਜਾਵੇਗੀ। ਪਰ ਉਹ ਜਿਹੜੇ ਗਏ ਨੇ ਵਾਪਿਸ ਆਣੇ ਨੇ। ਸਮਾਂ ਪੈਣ ਤੇ ਸੰਤਾਂ ਘਰ ਪੰਜ ਪੁੱਤ ਸੇਵਾ ਸਿੰਘ, ਸਤਿਨਾਮ ਸਿੰਘ, ਹਰਵਿੰਦਰ ਸਿੰਘ ਸ਼ਮਿੰਦਰ ਸਿੰਘ, ਜਸਵੰਤ ਸਿੰਘ ਅਤੇ ਬੱਚੀ ਬਲਜਿੰਦਰ ਕੌਰ ਨੇ ਜਨਮ ਲਿਆ। ਇਸ ਪਰਿਵਾਰ ਤੇ ਕਿਰਪਾ ਇਹ ਰਹੀ ਕਿ ਅਜ ਤਕ ਪੰਜੇ ਭਰਾ ਇਕਠੇ ਇਕ ਪਰਿਵਾਰ ਵਿਚ ਵਸਦੇ ਹਨ, ਕਠੇ ਕਾਰੋਬਾਰ ਕਰਦੇ ਹਨ ਅਤੇ ਆਪਸ ਵਿਚ ਇਤਫਾਕ ਰਖਦੇ ਹਨ। ਕਾਰ ਵਿਹਾਰ ਕਰਦਿਆਂ ਸੰਤ ਗੁਰਬਚਨ ਸਿੰਘ ਦੀ ਦਿੱਤੀ ਸਿਖਿਆ ਅਨੁਸਾਰ ਗੁਰੂ ਘਰ ਦੇ ਸੇਵਕ ਹਨ। ਜਸਵੰਤ ਸਿੰਘ ਆਰ. ਐਸ. ਐਸ. ਅਤੇ ਬੀ. ਜੇ. ਪੀ. ਵਿਚ ਉਚ ਅਹੁਦੇ ਤੇ ਸੇਵਾ ਕਰ ਰਹੇ ਹਨ। ਜਿਸ ਕਾਰਨ ਬਹੁਤ ਸਮਾਂ ਦਿੱਲੀ ਵਿਚ ਰਹਿੰਦੇ ਹਨ।

ਸੰਤਾਂ ਦੀ ਸਤਿਗੁਰੂ ਘਰ ਨਾਲ ਪ੍ਰੀਤ ਐਸੀ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਫਤਹਿਗੜ ਸਾਹਿਬ ਇਹਨਾਂ ਘਰ ਡੇਰਾ ਕਰਦੇ। ਇਕ ਵਾਰ 1999 'ਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਤਾਂ ਨੂੰ ਹੁਕਮ ਕੀਤਾ ਕਿ ਫਤਹਿਗੜ੍ਹ ਸਾਹਿਬ ਗੁਰਦੁਆਰੇ ਲਈ ਹਾਲ ਦੀ ਉਸਾਰੀ ਕਰੋ। ਸੰਤਾਂ ਨੇ ਇਹ ਹਿਸਾਬ ਨਾ ਲਾਇਆ ਕਿ ਮਾਇਆ ਕਿਥੋਂ ਆਉਣੀ ਹੈ ਕਾਰਜ ਆਰੰਭ ਕਰ ਦਿੱਤਾ। ਇਸ ਦੌਰਾਨ ਸੰਤਾਂ ਦੀ ਸਿਹਤ ਬਹੁਤ ਢਿਲੀ ਹੋ ਗਈ ਅਤੇ ਡਾਕਟਰਾਂ ਜਵਾਬ ਦੇ ਦਿੱਤਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਹੋਈ ਤਾਂ ਸਤਿਗੁਰੂ ਜੀ ਕਿਰਪਾ ਕੀਤੀ। ਸਿਹਤ ਠੀਕ ਹੋ ਗਈ ਤੇ ਸੰਤਾਂ ਨੇ ਹਾਲ ਦੀ ਸੇਵਾ ਸਿਰੇ ਚੜ੍ਹਾਈ। ਸੰਤਾਂ ਦੀ ਗੁਰੂ ਘਰ ਪ੍ਰਤੀ ਆਸਥਾ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਨਾਮ ਬਾਣੀ, ਪਰਿਵਾਰ ਦੀ ਕੀਤੀ ਚੰਗੀ ਪਰਵਰਿਸ਼, ਗੁਰਬਾਣੀ ਅਨੁਸਾਰ ਸਫਲ ਜੀਵਨ ਤੇ ਢੁਕਦੀ ਹੈ

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ਹਸੰਦਿਆਂ***

ਸੰਨ 2014 ਵਿਚ ਸੰਤਾਂ ਦੀ ਧਰਮ ਪਤਨੀ ਚੜਾਈ ਕੀਤੀ ਤਾਂ ਸਤਿਗੁਰੂ ਉਦੈ ਸਿੰਘ ਜੀ ਉਸ ਵੇਲੇ ਪੂਰੇ ਪਰਿਵਾਰ ਤੇ ਕਿਰਪਾ ਕੀਤੀ ਸੀ। ਇਸੇ ਤਰ੍ਹਾਂ 20 ਸਤੰਬਰ 2015 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਜਪ ਪ੍ਰਯੋਗ ਦੇ ਵਿਅਸਤ ਦਿਨਾਂ ਵਿਚ ਵੀ ਘਰ ਜਾ ਕੇ ਪਰਿਵਾਰ ਨੂੰ ਥਾਪੜਾ ਦਿੱਤਾ। ਉਪਰੰਤ ਸੰਤਾਂ ਨਮਿਤ ਹੋ ਰਹੇ ਭੋਗ ਸਮਾਗਮ ਵਿਚ ਦਰਸ਼ਨ ਦਿੱਤੇ। ਜਿਥੇ ਜਥੇਦਾਰ ਸੰਤੋਖ ਸਿੰਘ ਨੇ ਦਿਵਾਨ ਸਜਾਇਆ। ਉਪਰੰਤ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਨੌਵੇਂ ਮਹੱਲੇ ਦੇ ਸਲੋਕ ਪੜੇ ਗਏ, ਅਰਦਾਸ ਉਪਰੰਤ ਗੁਰਭੇਜ ਸਿੰਘ ਗੁਰਾਇਆ ਸੀਨੀਅਰ ਪਬਲਿਕ ਪ੍ਰਾਸਟਿਕੂਟਰ ਭਾਰਤ ਸਰਕਾਰ ਨੇ ਸੰਤਾਂ ਨੂੰ ਸ਼ਰਧਾਂਜਲੀ ਦਿੰਦਿਆਂ ਸਾਰੀ ਸੰਗਤ ਦਾ ਅਤੇ ਆਰ. ਐਸ. ਐਸ. ਤੇ ਬੀ. ਜੇ. ਪੀ. ਦੇ ਆਏ ਲੀਡਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਗੁਰਮੁਖ ਸਿੰਘ ਰਹਿਬਰ ਸਕੱਤਰ ਨਾਮਧਾਰੀ ਦਰਬਾਰ, ਸੇਵਕ ਰਛਪਾਲ ਸਿੰਘ ਆਦਿ ਸਹਿਤ ਦਿੱਲੀ, ਪੰਜਾਬ, ਹਰਿਆਣਾ ਤੋਂ ਵਡੀ ਗਿਣਤੀ ਵਿਚ ਸਾਧ ਸੰਗਤ ਨੇ ਹਾਜਰੀ ਭਰੀ। ਸਤਿਗੁਰੂ ਜੀ ਨੇ ਸੰਤਾਂ ਦੇ ਵਡੇ ਪੁੱਤਰ ਨੂੰ ਪਰਵਾਰਿਕ ਜ਼ੁੰਮੇਵਾਰੀਆਂ ਦੀ ਪ੍ਰਤੀਕ ਦਸਤਾਰ ਸਜਾਉਣ ਦੀ ਕਿਰਪਾ ਕੀਤੀ ਅਤੇ ਸਦਾ ਕੱਠੇ ਰਹਿਣ ਲਈ ਹੁਕਮ ਕੀਤਾ। ਅਰਦਾਸ ਉਪਰੰਤ ਪਰਿਵਾਰ ਵਲੋਂ ਆਈ ਸਾਧ ਸੰਗਤ ਦੀ ਸੇਵਾ ਜਲ ਪਾਣੀ ਛਕਾ ਕੇ ਕੀਤੀ ਗਈ।

**-ਹਰਪਾਲ ਸਿੰਘ ਸਕੱਤਰ ਵਿ. ਨਾ. ਵਿ. ਜੱਥਾ**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਨੂੰ ਮਨੀਕਰਨ ਸਾਹਿਬ ਵਾਲੇ ਬਾਬਾ ਜੀ ਦੇ ਵਡੇ ਪੁੱਤਰ ਹਰੀ ਜੀ (ਬਾਬਾ ਜੀ ਵਲੋਂ ਲਿਆਂਦੇ) ਬਸਤਰ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਭੇਟ ਕਰਦੇ ਹੋਏ



ਅੱਸੂ ਦੇ ਮੇਲੇ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸਰਬੱਤ ਦੇ ਭੱਲੇ ਲਈ ਪਾਵਨ ਉਪਦੇਸ਼ ਕਰਨ ਦੀ ਕ੍ਰਿਪਾ ਕੀਤੀ



ਸ੍ਰੀ ਸਤਿਗੁਰੂ ਜੀ ਵਲੋਂ ਵਿਸ਼ਵ ਵਿਖਿਆਤ ਹਾਕੀ ਕਪਤਾਨ ਸਰਦਾਰ ਸਿੰਘ ਦੀ ਨਵੀਂ ਗੱਡੀ ਵਿੱਚ ਚਰਨ ਪਾਉਂਣ ਦੀ ਬਖ਼ਸ਼ਸ਼



ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਤ ਗੁਰਬਚਨ ਸਿੰਘ ਨਮਿਤ ਭੋਗ ਸਮੇਂ ਪਰਵਾਰ ਨਤਮਸਤਕ ਹੁੰਦਾ ਹੋਇਆ



ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸ੍ਰੀ ਸ਼ਿਵ ਚਰਨ ਗੋਇਲ (ਵਿਧਾਇਕ) ਅਤੇ ਨਾਲ ਹਨ ਸੰਤ ਗੁਰਦਿਆਲ ਸਿੰਘ ਲੱਕੀ ਆਦਿ



ਸ੍ਰੀ ਸਤਿਗੁਰੂ ਜੀ ਪਾਸੋ ਅਨੰਦ ਕਾਰਜਾਂ ਵਾਲੇ 4 ਜੋੜੇ ਬਖ਼ਸ਼ਸ਼ਾ ਪ੍ਰਾਪਤ ਕਰਦੇ ਹੋਏ - 1 ਨਵੰਬਰ 2015, ਦਿੱਲੀ



ਦਿੱਲੀ ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਵਾਰੇ ਦੇ ਰੂਪ ਵਿੱਚ ਗਾਇਨ ਕਰਦੇ ਬੱਚੇ



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੀਆਂ ਬੱਚੀਆਂ ਕੀਰਤਨ ਕਰਦੀਆ ਹੋਇਆ

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 6.36 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.33 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.31 of 5 November 2015